ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 10 | 13 March 2019 to 19 March 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

ਅੰਦਰ ਪੜ੍ਹੋ


03
ਭਾਈਚਾਰਾ
ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਹੋਈ ਹੰਗਾਮੀ ਮੀਟਿੰਗ


05
ਖ਼ਬਰਸਾਰ
ਸੈਕਰਾਮੈਂਟੋ 'ਚ ਸ੍ਰੀ ਗੁਰੂ ਰਵਿਦਾਸ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ



10
ਵਿਸ਼ੇਸ਼ ਰਿਪੋਰਟ
ਫੌਜ ਦੇ ਮੋਢਿਆਂ ਤੋਂ ਵੋਟਾਂ ਨੂੰ ਨਿਸ਼ਾਨਾ ਲਾਉਣ ਦੀ ਖਤਰਨਾਕ ਖੇਡ


25
ਵਿਚਾਰ ਚਰਚਾ
ਅਸੀਂ ਨਹੀਂ ਚਾਹੁੰਦੇ ਕਿ ਬੰਬਾਂ ਦੀ ਫ਼ਸਲ ਬੀਜੀ ਜਾਵੇ

# ਭਾਰਤ 'ਚ ਪਾਰਲੀਮੈਂਟ ਚੋਣ-ਦੰਗਲ ਦੀ ਸ਼ੁਰੂਆਤ

- ਚੋਣ ਜ਼ਾਬਤੇ ਕਾਰਨ ਸਰਕਾਰੀ ਪ੍ਰਚਾਰ ਤੰਤਰ ਨੂੰ ਲੱਗੀਆਂ ਬਰੇਕਾਂ
- ਪ੍ਰਧਾਨ ਮੰਤਰੀ, ਮੁੱਖ ਮੰਤਰੀਆਂ ਤੇ ਮੰਤਰੀਆਂ ਦੀਆਂ ਤਸਵੀਰਾਂ ਵਾਲੇ ਹੋਰਡਿੰਗ ਉਤਰੇ
- 'ਆਪ' ਤੇ ਟਕਸਾਲੀ ਗੱਠਜੋੜ 'ਚ ਅਜੇ ਵੀ ਖਿੱਚੋਤਾਣ
- ਵੋਟਰਾਂ ਦੀ ਬੇਰੁਖੀ ਨੂੰ ਦੇਖਦਿਆਂ ਬਾਦਲ ਦਲ ਵਾਲੇ ਸਟਾਰ ਨੇਤਾ ਲੱਭਣ ਨਿਕਲੇ

**ਜਲੰਧਰ/ਪ੍ਰੋ. ਬਲਵਿੰਦਰਪਾਲ ਸਿੰਘ**
ਭਾਰਤ ਦੇ ਕੇਂਦਰੀ ਚੋਣ ਕਮਿਸ਼ਨ ਵੱਲੋਂ ਸਤ੍ਹਾਰਵੀਂ ਲੋਕ ਸਭਾ ਲਈ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਨ ਨਾਲ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਇਹ ਚੋਣਾਂ ਸੱਤ ਪੜਾਵਾਂ ਵਿਚ ਹੋਣਗੀਆਂ। ਪਹਿਲੇ ਪੜਾਅ ਲਈ ਵੋਟਾਂ 11 ਅਪਰੈਲ ਨੂੰ ਪੈਣਗੀਆਂ ਤੇ ਆਖ਼ਰੀ (ਸੱਤਵੇਂ) ਪੜਾਅ ਲਈ 19 ਮਈ ਨੂੰ। ਪੰਜਾਬ ਤੇ ਚੰਡੀਗੜ੍ਹ ਵਿਚ ਵੋਟਾਂ ਆਖ਼ਰੀ ਪੜਾਅ ਦੌਰਾਨ ਹੋਣਗੀਆਂ। ਵੋਟਾਂ ਦੀ ਗਿਣਤੀ 23 ਮਈ ਨੂੰ ਹੋਵੇਗੀ। ਪਹਿਲੇ ਪੜਾਅ ਦੀਆਂ ਸੀਟਾਂ ਵਾਸਤੇ ਨੋਟੀਫ਼ਿਕੇਸ਼ਨ 18 ਮਾਰਚ ਨੂੰ ਜਾਰੀ ਕੀਤਾ ਜਾਵੇਗਾ। ਉੱਤਰ ਪ੍ਰਦੇਸ਼, ਬਿਹਾਰ ਅਤੇ ਪੱਛਮੀ ਬੰਗਾਲ ਵਿਚ ਚੋਣ ਪ੍ਰਕਿਰਿਆ

ਬਾਕੀ ਸਫ਼ਾ 28 'ਤੇ



ਪੰਜਾਬ 'ਚ 19 ਮਈ ਨੂੰ ਪੈਣਗੀਆਂ ਵੋਟਾਂ

## ਤੀਜੇ ਬਦਲ ਦੀਆਂ ਸੰਭਾਵਨਾਵਾਂ ਘਟੀਆਂ

**ਬਠਿੰਡਾ/ਏਟੀ ਨਿਊਜ਼ :** ਵੱਖ ਵੱਖ ਕਾਰਨਾਂ ਕਰਕੇ ਇਸ ਸਮੇਂ ਪੰਜਾਬ ਵਿੱਚ ਮਾਹੌਲ ਪੂਰੀ ਤਰ੍ਹਾਂ ਸਿਆਸੀ ਖਲਾਅ ਦੀ ਸਥਿਤੀ ਵਾਲਾ ਬਣਿਆ ਹੋਇਆ ਹੈ। ਮੌਜੂਦਾ ਦੌਰ ਵਿਚ ਸੁਖਪਾਲ ਸਿੰਘ ਖਹਿਰਾ, ਸਿਮਰਨਜੀਤ ਸਿੰਘ ਬੈਂਸ, ਧਰਮਵੀਰ ਗਾਂਧੀ ਅਤੇ ਬਸਪਾ ਅਧਾਰਤ ਪੰਜਾਬ ਡੈਮੋਕਰੈਟਿਕ ਅਲਾਇੰਸ (ਪੀਡੀਏ); ਅਕਾਲੀ ਦਲ ਟਕਸਾਲੀ ਅਤੇ 'ਆਪ' ਪਾਰਟੀ ਆਪਣੇ ਆਪਣੇ ਤੌਰ 'ਤੇ ਇਹ ਖਲਾਅ ਭਰਨ ਲਈ ਯਤਨਸ਼ੀਲ ਹਨ ਪਰ ਇਹ ਕਾਮਯਾਬ ਹੁੰਦੇ ਨਜ਼ਰ ਨਹੀਂ ਆਉਂਦੇ ਕਿਉਂਕਿ ਕਦੀ ਅਕਾਲੀ ਦਲ (ਟਕਸਾਲੀ) ਦਾ ਪੀਡੀਏ ਨਾਲ ਸਮਝੌਤਾ ਹੁੰਦਾ ਹੁੰਦਾ ਸੀਟਾਂ ਦੀ ਵੰਡ ਦੇ ਮਸਲੇ ਨੂੰ ਲੈ ਕੇ ਟੁੱਟ ਜਾਂਦਾ ਹੈ ਅਤੇ ਕਦੀ ਅਕਾਲੀ ਦਲ (ਟਕਸਾਲੀ) ਦਾ 'ਆਪ' ਪਾਰਟੀ ਨਾਲ ਸਮਝੌਤਾ ਉਨ੍ਹਾਂ ਹੀ ਕਾਰਨਾਂ ਕਰਕੇ ਸਿਰੇ ਨਹੀਂ ਚੜ੍ਹਦਾ। ਕਦੀ ਆਮ ਆਦਮੀ ਪਾਰਟੀ ਇਹ ਸ਼ਰਤ ਲਗਾ ਦਿੰਦੀ ਹੈ ਕਿ ਜਿਸ ਗੱਠਜੋੜ ਵਿਚ ਖਹਿਰਾ ਤੇ ਬੈਂਸ ਸ਼ਾਮਲ ਹੋਣਗੇ, ਉਹ ਉਸ ਗੱਠਜੋੜ ਵਿੱਚ ਸ਼ਾਮਲ ਨਹੀਂ ਹੋਣਗੇ। ਕਿਸੇ ਹੱਦ ਤੱਕ ਇਹ ਖਲਾਅ ਤਾਂ ਹੀ ਭਰਿਆ ਜਾ ਸਕਦਾ ਸੀ ਜੇਕਰ ਇਹ ਇਹ ਸਿਆਸਤਦਾਨ ਨਿੱਜੀ ਮਤਭੇਦਾਂ ਤੋਂ ਉੱਪਰ ਉੱਠ ਕੇ ਪੰਜਾਬ ਦੇ ਵਡੇਰੇ ਹਿੱਤਾਂ ਰੁਜ਼ਗਾਰ, ਸਿਹਤ, ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਏਕਤਾ ਲਈ ਯਤਨ ਕਰਦੇ।

## *ਕੀ ਹੈ ਪੰਜਾਬ ਦੀ ਸਮੱਸਿਆ*

*ਉਪਰੋਕਤ ਸਾਰੀਆਂ ਸਮੱਸਿਆਵਾਂ ਤੋਂ ਇਲਾਵਾ ਪੰਜਾਬ ਦੀ ਸਮੱਸਿਆ ਆਪਣਾ ਸੱਭਿਆਚਾਰ, ਭਾਸ਼ਾ ਤੇ ਕੁਦਰਤੀ ਸਾਧਨ ਦਰਿਆਈ ਪਾਣੀ ਬਚਾਉਣ ਦੀ ਵੀ ਹੈ। ਇਹ ਸਮੱਸਿਆ ਕੇਵਲ ਪੰਜਾਬ ਦੀ ਨਹੀਂ ਬਲਕਿ ਗੈਰ ਹਿੰਦੀ ਭਾਸ਼ਾਈ ਤਾਮਿਲਨਾਡੂ, ਆਂਧਰਾਪ੍ਰਦੇਸ਼, ਬੰਗਾਲ, ਅਸਾਮ ਸਮੇਤ ਹੋਰ ਉੱਤਰ ਪੂਰਬੀ ਸੂਬਿਆਂ ਦੀ ਵੀ ਹੈ; ਜਿਹੜੀ ਕਿ ਸੰਘੀ ਢਾਂਚੇ ਤੋਂ ਬਿਨਾਂ ਹੱਲ ਨਹੀਂ ਸਕਦੀ। ਪੰਜਾਬ ਦੀ ਖੇਤੀ ਵਿਕਾਊ ਹੈ, ਪੰਜਾਬੀ ਭਾਸ਼ਾ ਖਤਮ ਹੈ, ਸਿਹਤ ਸੇਵਾਵਾਂ ਤੇ ਵਿਦਿਆ ਖੇਤਰ ਨਿੱਜੀ ਹੱਥਾਂ ਵਿਚ ਹੈ, ਬੇਰੁਜ਼ਗਾਰੀ ਕਾਰਣ ਪੰਜਾਬ ਵਿਦੇਸ਼ਾਂ ਵਲ ਪ੍ਰਵਾਸ ਕਰ ਰਿਹਾ ਹੈ। ਮੁੱਖ ਮੰਤਰੀ ਤੇ ਸਿਆਸਤਦਾਨ ਪੰਜਾਬ ਦੇ ਰਾਖੇ ਬਣਨ ਦੀ ਬਜਾਏ ਕੇਂਦਰ ਦੇ ਕਲਰਕ ਬਣ ਚੁੱਕੇ ਹਨ। ਕੇਂਦਰ ਸਰਕਾਰ ਖੇਤੀ ਸੈਕਟਰ ਨੂੰ ਦੇਸੀ-ਵਿਦੇਸ਼ੀ ਕਾਰਪੋਰੇਟਾਂ ਅਤੇ ਮੰਡੀ ਦੇ ਹਵਾਲੇ ਕਰਨਾ ਚਾਹੁੰਦੀ ਹੈ। ਅਗਲੇ ਪੰਜ ਸਾਲ ਤੱਕ ਪੰਜਾਬ ਦੇ 75 ਪ੍ਰਤੀਸ਼ਤ ਨੌਜਵਾਨ ਦੇਸ਼ ਛੱਡ ਜਾਣਗੇ ਤੇ ਇਸ ਦੇ ਨਾਲ ਹੀ ਕੁਝ ਸਾਲਾਂ ਬਾਅਦ ਮਾਪੇ ਵੀ ਜਾਣਗੇ ਹੀ। ਪੰਜਾਬ ਦਾ ਜ਼ਹਿਰੀਲਾ ਪਾਣੀ, ਪ੍ਰਦੂਸ਼ਤ ਹਵਾ ਅਤੇ ਧਰਤੀ ਵਿਚ ਕੀਟਨਾਸ਼ਕਾਂ ਦੀ ਬਹੁਤਾਤ ਕਾਰਨ ਜ਼ਹਿਰੀਲੇ ਖਾਣੇ ਨੇ ਪੰਜਾਬੀਆਂ ਨੂੰ ਨਿਪੁੰਸਕ ਅਤੇ ਬਿਮਾਰ ਬਣਾ ਦਿੱਤਾ ਹੈ। ਪੰਜਾਬ ਵਿਚ ਧੜਾਧੜ ਖੁੱਲ੍ਹ ਹਸਪਤਾਲ, ਫਰਟਿਲਿਟੀ ਇਸ ਗਲ ਦੇ ਗਵਾਹ ਹਨ। ਇਨ੍ਹਾਂ ਸਾਰੇ ਨੁਕਤਿਆਂ ਨੂੰ ਧਿਆਨ ਵਿਚ ਰੱਖ ਕੇ ਪੰਜਾਬ ਵਿੱਚ ਤੀਜੇ*

ਬਾਕੀ ਸਫ਼ਾ 28 'ਤੇ

## ਸ਼੍ਰੋਮਣੀ ਕਮੇਟੀ ਤੇ ਨਿਹੰਗ ਫੌਜਾਂ ਮਹੱਲਾ ਵੱਖੋ-ਵੱਖਰੇ ਦਿਨ ਕੱਢਣਗੀਆਂ

**ਅਨੰਦਪੁਰ ਸਾਹਿਬ/ਏਟੀ ਨਿਊਜ਼ :** ਸਿੱਖ ਕੌਮ ਦੇ ਕੌਮੀ ਤਿਉਹਾਰ ਹੋਲਾ ਮਹੱਲਾ ਸਬੰਧੀ ਤਰੀਕਾਂ ਦਾ ਰੌਲਾ ਪੈ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਕੈਲੰਡਰ ਮੁਤਾਬਿਕ 21 ਮਾਰਚ ਨੂੰ ਮਹੱਲਾ ਕੱਢੇਗੀ ਜਦਕਿ ਨਿਹੰਗ ਸਿੰਘ ਫੌਜਾਂ ਆਪਣੀ ਰਵਾਇਤ ਮੁਤਾਬਿਕ 22 ਮਾਰਚ ਨੂੰ ਮਹੱਲਾ ਕੱਢਣਗੀਆਂ। ਇਸ ਤੋਂ ਪਹਿਲਾਂ ਵੀ ਸਾਲ 2009 ਵਿੱਚ ਸ਼੍ਰੋਮਣੀ ਕਮੇਟੀ ਨੇ ਮਹੱਲਾ 11 ਮਾਰਚ ਨੂੰ ਕੱਢਿਆ ਸੀ ਜਦਕਿ ਨਿਹੰਗ ਸਿੰਘਾਂ ਵੱਲੋਂ ਵੱਖਰੇ ਤੌਰ 'ਤੇ ਆਪਣਾ ਮਹੱਲਾ 12 ਮਾਰਚ ਨੂੰ ਕੱਢਿਆ ਗਿਆ ਸੀ।ਸਿੱਖ ਕੌਮ ਦੀ ਤਰਾਸਦੀ ਹੈ ਕਿ ਸੁਚੱਜੀ ਅਗਵਾਈ ਵਿਹੂਣੀ ਕੌਮ ਜਿੱਥੇ ਅਨੇਕਾਂ ਮੁਸੀਬਤਾਂ ਅਤੇ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ ਉੱਥੇ ਕੌਮੀ ਦਿਹਾੜੇ 'ਤੇ ਵੀ ਕੌਮ ਇਕਜੁੱਟ ਨਹੀਂ ਹੋ ਰਹੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ 15 ਮਾਰਚ ਦੀ ਅੱਧੀ ਰਾਤ ਨੂੰ ਹੋਲਾ ਮਹੱਲਾ ਗੁਰਦੁਆਰਾ ਕਿਲਾ ਆਨੰਦਗੜ੍ਹ ਸਾਹਿਬ ਤੋਂ ਨਗਾਰੇ ਵਜਾ ਕੇ ਸ਼ੁਰੂ ਕੀਤਾ ਜਾਵੇਗਾ ਜੋ 16, 17 ਅਤੇ 18 ਮਾਰਚ ਨੂੰ ਕੀਰਤਪੁਰ ਸਾਹਿਬ ਵਿਖੇ

ਬਾਕੀ ਸਫ਼ਾ 28 'ਤੇ

# ਪੰਜਾਬ ਵਿਚ ਆਨਲਾਇਨ ਵਿਕਦਾ ਏ ਚਿੱਟਾ

## *ਵਿਧਾਇਕ ਬੈਂਸ ਚਿੱਟਾ ਖਰੀਦ ਕੇ ਜਾ ਵੜਿਆ ਕਮਿਸ਼ਨਰ ਕੋਲ*

**ਲੁਧਿਆਣਾ/ਏਟੀ ਨਿਊਜ਼ :** ਜਿਹੜਾ ਕੰਮ ਸੂਬੇ ਦੀ 70 ਹਜ਼ਾਰ ਹਥਿਆਰਬੰਦ ਅਤੇ ਕਾਨੂੰਨੀ ਸ਼ਕਤੀਆਂ ਹਾਸਲ ਪੁਲਿਸ ਮਿਲ ਕੇ ਨਹੀਂ ਕਰ ਸਕੀ, ਉਹ ਕੰਮ ਲੁਧਿਆਣੇ ਦੇ ਵਿਧਾਇਕ ਅਤੇ ਲੋਕ ਇਨਸਾਫ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਕਰ ਵਿਖਾਇਆ। ਬੈਂਸ ਦਾ ਇਹ ਦਾਅਵਾ ਹੈ ਕਿ ਉਨ੍ਹਾਂ ਨੂੰ ਇਹ ਕਦਮ ਇਸ ਲਈ ਚੁੱਕਣਾ ਪਿਆ, ਕਿਉਂਕਿ ਜਿਸ ਜਗ੍ਹਾ ਤੇਂ ਉਨ੍ਹਾਂ ਨੇ ਇਹ ਚਿੱਟਾ ਵਿਕਣ ਦਾ ਭਾਂਡਾ ਭੰਨਿਆ ਹੈ, ਉਸ ਜਗ੍ਹਾ ਬਾਰੇ ਪਹਿਲਾਂ ਵੀ ਕਈ ਵਾਰ ਪੁਲਿਸ ਨੂੰ ਸ਼ਿਕਾਇਤਾਂ ਕਰ ਚੁੱਕੇ ਹਨ ਪਰ ਜਦੋਂ ਉਨ੍ਹਾਂ ਦੀ ਇਹ ਲੋਕ ਹਿੱਤ ਸ਼ਿਕਾਇਤ ਕਿਸੇ ਨੇ ਨਾ ਸੁਣੀ ਤਾਂ ਆਪ ਦਰੋਗਾ ਬਣਨਾ ਪਿਆ। ਫੇਸਬੁੱਕ 'ਤੇ ਲਾਈਵ ਹੋ ਕੇ ਬੈਂਸ ਵੱਲੋਂ ਮਾਰੀ ਗਈ ਇਸ ਰੇਡ ਦੌਰਾਨ ਸਿਮਰਜੀਤ ਸਿੰਘ ਬੈਂਸ ਨੇ ਆਪਣੇ ਇੱਕ ਵਿਸ਼ਵਾਸਪਾਤਰ ਨੂੰ ਲੁਧਿਆਣਾ ਦੇ ਚੀਮਾਂ ਚੌਕ ਦੇ ਨਾਲ ਪੈਂਦੇ ਟ੍ਰਾਂਸਪੋਰਟ ਨਗਰ ਨਜ਼ਦੀਕ ਚਿੱਟੇ ਦੇ ਵਪਾਰੀ ਕੋਲ ਭੇਜਿਆ ਜਿਸ ਨੇ ਲਾਈਵ ਚਲਦੇ ਕੈਮਰੇ ਦੇ ਸਾਹਮਣੇ ਚਿੱਟੇ ਦੇ ਵਪਾਰੀ ਤੋਂ 300 ਰੁਪਏ ਦੇ ਹਿਸਾਬ ਨਾਲ ਦੋ ਵਾਰ ਵਿਚ 4 ਪੁੜੀਆਂ ਖਰੀਦੀਆਂ ਤੇ ਬੈਂਸ ਨੇ ਉਨ੍ਹਾਂ ਪੁੜੀਆਂ ਨੂੰ ਚਲਦੇ ਲਾਇਵ ਕੈਮਰਿਆਂ ਦੇ ਸਾਹਮਣੇ ਮਰੇ ਹੋਏ ਚੂਹੇ



ਬਾਕੀ ਸਫ਼ਾ 28 'ਤੇ













ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ Dish Washer ਦੀ ਲੋੜ ਹੈ।

ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।

ਸੰਪਰਕ ਕਰੋ:
Gurpreet Singh Sohal :
707-498-9325
Email : redwoodpetroleum@gmail.com


1984
audiobook
ਅਣਚਿਤਵਿਆ ਕਹਿਰ
ਬੋਲਦੀ ਕਿਤਾਬ
ਅਜਮੇਰ ਸਿੰਘ
ਅੱਜ ਦੇ ਤੇਜੀ ਦੇ ਸਮੇਂ ਵਿਚ ਸਿੱਖ ਸਿਆਸਤ ਵੱਲੋਂ ਪਾਠਕਾਂ/ਸਰੋਤਿਆਂ ਲਈ
ਚੋਣਵੀਆਂ ਪੜ੍ਹਨਯੋਗ ਕਿਤਾਬਾਂ ਆਵਾਜ਼ ਰੂਪ ਵਿਚ ਪੇਸ਼ ਕੀਤੀਆ ਜਾ ਰਹੀਆਂ ਹਨ।
ਇਹ ਬੋਲਦੀਆਂ ਕਿਤਾਬਾਂ ਸਿੱਖ ਸਿਆਸਤ ਦੀ ਐਡਰਾਇਡ ਐਪ ਰਾਹੀਂ ਸਲਾਨਾ ਭੇਟਾ ਤਾਰ ਕੇ ਸੁਣੀਆਂ ਜਾ ਸਕਦੀਆਂ ਹਨ।
ਬੋਲਦੀਆਂ ਕਿਤਾਬਾਂ ਸੁਣਨ ਲਈ
(1) ਸਿੱਖ ਸਿਆਸਤ ਦੀ ਐਡਰਾਇਡ ਐਪ ਗੂਗਲ ਪਲੇਅ ਸਟੋਰ ਤੋਂ ਹਾਸਲ ਕਰੋ।
(2) ਐਪ ਵਿੱਚੋਂ ਸੱਜੇ ਪਾਸੇ ਉਪਰ ਬਣੇ ਨਿਸ਼ਾਨ ਦੱਬ ਕੇ ਸਲਾਨਾ ਭੇਟਾ ਤਾਰੋ।
(3) ਭੇਟਾ ਤਾਰਨ ਤੋਂ ਬਾਅਦ ਤੁਸੀਂ ਬੋਲਦੀਆਂ ਕਿਤਾਬਾਂ ਸੁਣ ਸਕੋਗੇ।
ਸਿੱਖ ਸਿਆਸਤ ਦੀ ਐਪ ਤੇ ਤੁਸੀਂ ਰੋਜ਼ਾਨਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਖਬਰਾਂ ਵੀ
ਪੜ੍ਹ ਸਕਦੇ ਹੋ ਤੇ ਸਿੱਖ ਸਿਆਸਤ ਦੇ ਵੀਡੀਓ ਬਿਲਕੁਲ ਮੁਫਤ ਵੇਖ ਸਕਦੇ ਹੋ।
ਹੋਰਨਾਂ ਲੇਖਾਂ ਲਈ ਸਿੱਖ ਸਿਆਸਤ ਨਾਲ ਜੁੜੋ:
+91-855-606-7689 /sikhsiyasat /sikhsiyasat /sikhsiyasat m.me/sikhsiyasat Websites: www.sikhsiyasat.net | www.sikhsiyasat.info | www.sikhsiyasat.com


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines
Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الإتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

### ਫੇਅਰਫੀਲਡ ਦੇ ਪਾਲ ਹੇਅਰ ਪਰਿਵਾਰ ਨੂੰ ਸਦਮਾ

## ਮਾਤਾ ਸੁਰਜੀਤ ਕੌਰ ਹੇਅਰ ਨਹੀਂ ਰਹੇ

**ਫੇਅਰਫੀਲਡ/ਏਟੀ ਨਿਊਜ਼ :**
ਬਹੁਤ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਫੇਅਰਫੀਲਡ ਨਿਵਾਸੀ ਮਾਤਾ ਸੁਰਜੀਤ ਕੌਰ ਹੇਅਰ ਵਾਹਿਗੁਰੂ ਦੀ ਬਖਸ਼ੀ ਹੋਈ 87 ਸਾਲ ਦੀ ਉਮਰ ਪੂਰੀ ਕਰਦੇ ਹੋਏ ਸੋਮਵਾਰ 11 ਮਾਰਚ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਪੰਜਾਬ ਵਿਚ ਉਹ ਪਿੰਡ ਕਾਉਂਕੇ ਜ਼ਿਲ੍ਹਾ ਲੁਧਿਆਣਾ ਦੇ ਰਹਿਣ ਵਾਲੇ ਸਨ। ਉਹ 44 ਸਾਲ ਪੰਜਾਬ ਰਹੇ ਅਤੇ ਹੁਣ 43 ਸਾਲਾਂ ਤੋਂ ਫੇਅਰਫੀਲਡ ਵਿਖੇ ਰਹਿ ਰਹੇ ਸਨ। ਜ਼ਿਕਰਯੋਗ ਹੈ ਕਿ ਮਾਤਾ ਸੁਰਜੀਤ ਕੌਰ, ਤਜਿੰਦਰਪਾਲ ਹੇਅਰ, ਸੁਰਿੰਦਰਪਾਲ ਹੇਅਰ ਅਤੇ ਸਤਿੰਦਰਪਾਲ ਹੇਅਰ ਦੇ ਮਾਤਾ ਜੀ ਸਨ।



ਮਾਤਾ ਸੁਰਜੀਤ ਕੌਰ ਹੇਅਰ ਦਾ ਅੰਤਿਮ ਸਸਕਾਰ 15 ਮਾਰਚ ਸ਼ੁੱਕਰਵਾਰ ਸਵੇਰੇ 10 ਤੋਂ 12 ਵਜੇ ਤੱਕ CALVARY BAPTIST CHURCH/BRYAN BAKER FUNERAL HOME,600 GREGORY LN, FAIRFIELD ਵਿਖੇ ਹੋਵੇਗਾ।
ਉਪਰੰਤ ਫੇਅਰਫੀਲਡ ਗੁਰਦੁਆਰਾ ਸਾਹਿਬ ਵਿਖੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਹੋਵੇਗੀ ਅਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ।
ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਤੇ ਹੋਰ ਜਾਣਕਾਰੀ ਲਈ ਫੋਨ ਨੰ. 707-290-8530 ਉਤੇ ਸੰਪਰਕ ਕਰ ਸਕਦੇ ਹੋ।

# ਗੁਰਦੁਆਰਾ ਸਾਹਿਬ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਹੋਈ ਹੰਗਾਮੀ ਮੀਟਿੰਗ



**ਮਿਲਪੀਟਸ/ਏਟੀ ਨਿਊਜ਼ :**
ਗੁਰਦੁਆਰਾ ਪ੍ਰਬੰਧਾਂ ਵਿਚ ਆਏ ਨਿਘਾਰਾਂ ਨੂੰ ਲੈ ਕੇ ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਇਕ ਹੰਗਾਮੀ ਮੀਟਿੰਗ ਹੋਈ, ਜਿਸ ਵਿਚ ਵੱਖ ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਆਪਣੀ ਸ਼ਮੂਲੀਅਤ ਕੀਤੀ। ਇਸ ਮੀਟਿੰਗ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਿਚ ਆਏ ਨਿਘਾਰਾਂ ਉਤੇ ਵਿਸ਼ੇਸ਼ ਚਰਚਾ ਹੋਈ, ਜਿਹਨਾਂ ਦੇ ਸਬੰਧ ਵਿਚ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਮੂਹ ਨੁਮਾਇੰਦਿਆਂ ਨੇ ਇਸ ਵਿਸ਼ੇ ਉਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਇਸ ਸਬੰਧ ਵਿਚ ਸਾਰੇ ਹੀ ਨੁਮਾਇੰਦਿਆਂ ਨੇ ਨਾਜ਼ੁਕ ਹਾਲਾਤ ਦੇ ਮੱਦੇਨਜ਼ਰ ਇੱਕਮੁੱਠ ਹੋ ਕੇ ਚੱਲਣ ਦੀ ਪ੍ਰੋੜਤਾ ਕੀਤੀ।

# ਗੁਰਦੁਆਰਾ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਖ਼ੂਨਦਾਨ ਕੈਂਪ ਲਾਇਆ

### *ਡਾਇਮੰਡ ਕਲੱਬ ਨੇ ਕੀਤਾ ਰੈਡ ਕਰਾਸ ਦੀ ਸਹਾਇਤਾ ਨਾਲ ਸ਼ਲਾਘਾਯੋਗ ਉਪਰਾਲਾ*

**ਮਿਲਪੀਟਸ/ਏਟੀ ਨਿਊਜ਼ :** ਸਿੱਖਾਂ ਨੇ ਹਮੇਸ਼ਾ ਹੀ ਮਾਨਵਤਾ ਦੇ ਭਲੇ ਲਈ ਅੱਗੇ ਵਧ ਕੇ ਆਪਣਾ ਯੋਗਦਾਨ ਵਿੱਚ ਪਾਇਆ ਹੈ। ਇਸ ਦੀ ਤਾਜ਼ਾ ਮਿਸਾਲ ਗੁਰੂ ਘਰ ਮਿਲਪੀਟਸ ਵਿਖੇ ਦੇਖਣ ਨੂੰ ਮਿਲੀ ਜਿਥੇ ਬੇ ਏਰੀਆ ਡਾਇਮੰਡ ਕਲੱਬ ਵਲੋਂ ਰੈਡ ਕਰਾਸ ਦੀ ਸਹਾਇਤਾ ਨਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ੫੦ ਤੋਂ ਵੱਧ ਸਿੱਖ ਸੰਗਤਾਂ ਵਲੋਂ ਖ਼ੂਨਦਾਨ ਕਰ ਕੇ ਮਾਨਵ ਭਲਾਈ ਦੇ ਸਿਧਾਤਾਂ



ਉਤੇ ਪਹਿਰਾ ਦੇਣ ਦਾ ਪ੍ਰਣ ਕੀਤਾ ਗਿਆ। ਇਸ ਮੌਕੇ ਸ. ਇੰਦਰਜੀਤ ਸਿੱਧੂ ਅਤੇ ਸਮੁੱਚੇ ਸਿੱਧੂ ਪਰਿਵਾਰ ਵਲੋਂ ਮੁੱਖ ਤੌਰ 'ਤੇ ਸੇਵਾ ਨਿਭਾਈ ਗਈ। ਸਮੁੱਚੇ ਗੁਰੂ ਘਰ ਦੀ ਸੰਗਤ ਅਤੇ ਪ੍ਰਬੰਧਕਾਂ ਵਲੋਂ ਵੀ ਇਸ ਸੇਵਾ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ ਗਿਆ।
ਇਸ ਮੌਕੇ ਗੁਰੂ ਘਰ ਦੇ ਸੇਵਾਦਾਰ ਸ. ਜਸਵੰਤ ਸਿੰਘ ਹੋਠੀ ਨੇ ਆਏ ਹੋਏ ਸਾਰੇ ਖ਼ੂਨਦਾਨੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਆਓ ਸਾਰੇ ਰਲ ਮਿਲ ਕੇ ਬਾਬੇ ਨਾਨਕ ਦੀ ਵਿਚਾਰਧਾਰਾ ਦਾ ਸੁਨੇਹਾ ਸਮਾਜ ਭਲਾਈ ਦੇ ਕੰਮਾਂ ਰਾਹੀਂ ਦੇਣ ਦਾ ਉਪਰਾਲਾ ਕਰੀਏ। ਸਮਾਜ ਭਲਾਈ ਅਤੇ ਹੋਰ ਧਾਰਮਿਕ ਗਤਿਵਿਧੀਆਂ ਲਈ ਗੁਰੂ ਘਰ ਮਿਲਪੀਟਸ ਦੇ ਦਰਵਾਜੇ ਸਮੂਹ ਸੰਗਤਾਂ ਲਈ ਹਮੇਸ਼ਾ ਖੁੱਲੇ ਹਨ। ਉਨ੍ਹਾਂ ਕਿਹਾ ਕਿ ਆਸ ਕਰਦੇ ਹਾਂ ਕਿ ਡਾਇਮੰਡ ਕਲੱਬ ਅਤੇ ਹੋਰ ਸਾਰੀਆਂ ਧਾਰਮਿਕ ਜਥੇਬੰਦੀਆਂ ਵਲੋਂ ਇਸੇ ਤਰਾਂ ਦੇ ਉਪਰਾਲੇ ਇਸ ਗੁਰੂ ਘਰ ਵਿਖੇ ਨਿਰੰਤਰ ਚਲਦੇ ਰਹਿਣਗੇ। ਸਮੂਹ ਸੰਗਤਾਂ ਨੇ ਗੁਰੂਘਰ ਵਿਖੇ ਤਿਆਰ ਕੀਤੇ ਗਏ ਅਲਗ ਅਲਗ ਸਨੈਕਸ ਦਾ ਆਨੰਦ ਮਾਣਿਆ ਅਤੇ ਰੈਡ ਕਰਾਸ ਦੇ ਸਮੁੱਚੇ ਸਟਾਫ ਵਲੋਂ ਗੁਰੂ ਘਰ ਵਲੋਂ ਕੀਤੇ ਸ਼ਾਨਦਾਰ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਗਈ।



ASSET IMPACT

# DEMOLITION WORKERS WANTED

- Must have the ability to do physical labor and other strenuous physical tasks.
- Handy with tools and ready to learn from on-the-job training when necessary.
- This work requires travel throughout US.
- All work related travel, accommodation and meals are paid by the company.

*Apply now – a generous salary, performance based cash bonuses, alongside the opportunity to work in different cities around the US.*

**Email: action@assetimpact.com**
**Call : 909 663 4796**

# ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1,2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70 Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ **ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



**Free Buffet over 100 gallons**
open 6am to midnight

**Phone: 765-478-6300**

# ਸੈਕਰਾਮੈਂਟੋ ’ਚ ਸ੍ਰੀ ਗੁਰੂ ਰਵਿਦਾਸ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ

## ਨਵੀਂ ਗੁਰੂਘਰ ਇਮਾਰਤ ਦਾ ਨੀਂਹ ਪੱਥਰ ਰੱਖਿਆ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਹਰ ਵਰ੍ਹੇ ਵਾਂਗ ਇਸ ਵਾਰ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਪ੍ਰਤੀ ਵਿਸ਼ਾਲ ਨਗਰ ਕੀਰਤਨ ਸੈਕਰਾਮੈਂਟੋ ਦੇ ਲਾਗਲੇ ਸ਼ਹਿਰ ਰਿਓਲਿੰਡਾ ਵਿਖੇ ਸਜਾਇਆ ਗਿਆ। ਇਸ ਨਗਰ ਕੀਰਤਨ ਵਿਚ ਸੰਗਤਾਂ ਨੇ ਪਿਛਲੇ ਸਾਲ ਨਾਲੋਂ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਤੋਂ ਪਹਿਲਾਂ ਸ਼ਨੀਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੀ ਨਵੀਂ ਬਣ ਰਹੀ ਇਮਾਰਤ ਦਾ ਨੀਂਹ ਪੱਥਰ ਪੰਜਾਂ ਪਿਆਰਿਆਂ ਦੇ ਹੱਥੀਂ ਰਖਾਇਆ ਗਿਆ। ਇਸ ਖੂਬਸੂਰਤ ਬਣ ਰਹੀ ਇਮਾਰਤ ਲਈ ਸੰਗਤਾਂ ਨੇ ਭਰਪੂਰ ਯੋਗਦਾਨ ਦਿੱਤਾ। ਇਸ 642ਵੇਂ ਪ੍ਰਕਾਸ਼ ਦਿਵਸ ਦੌਰਾਨ ਕਈ ਹਫ਼ਤਿਆਂ ਤੋਂ ਤਿਆਰੀ ਕੀਤੀ ਜਾ ਰਹੀ ਸੀ ਤੇ ਵੱਖ ਵੱਖ ਰਾਗੀਆਂ, ਢਾਡੀਆਂ ਵਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ ’ਤੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਲਾਡੀ ਹਜ਼ੂਰੀ ਰਾਗੀ ਦਰਬਾਰ ਸਾਹਿਬ ਅਤੇ ਹੋਰ ਸਥਾਨਕ ਜਥੇ ਸ਼ਾਮਲ ਸਨ। ਐਤਕੀਂ ਵੱਖ ਵੱਖ ਵਲੰਟੀਅਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ, ਸਾਜੋ ਸਜਾਵਟ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੇਹ ਨੂੰ ਰੈਡ ਕਾਰਪੈਟ ਉਤੋਂ ਲੈ ਕੇ ਜਾਣ ਦੀ ਜਿੰਮੇਵਾਰੀ ਆਪਣੇ ਸਿਰ ਲਈ ਹੋਈ ਸੀ। ਪ੍ਰਬੰਧਕਾਂ ਵਲੋਂ ਗੁਰੂ ਕੇ ਲੰਗਰ, ਫੁੱਲਾਂ ਦੀ ਵਰਖਾ, ਸਕਿਓਰਿਟੀ ਦੇ ਖਾਸ ਪ੍ਰਬੰਧ ਕੀਤੇ ਹੋਏ ਸਨ। ਇਸ ਵਾਰ ਵੱਖ ਵੱਖ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ ਵਲੋਂ ਵਿਸ਼ੇਸ਼ ਤੌਰ ’ਤੇ ਹਾਜ਼ਰੀ ਭਰੀ। ਪ੍ਰਬੰਧਕਾਂ ਵਲੋਂ ਵੱਖ ਵੱਖ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਵੀ ਕੀਤਾ ਗਿਆ। ਬਰਾਡਸ਼ਾਅ ਰੋਡ ਸਥਿਤ ਗੁਰਦੁਆਰਾ ਸਾਹਿਬ ਵਲੋਂ ਇਸ ਮੌਕੇ ਫਲੋਟ ਵੀ ਸ਼ਾਮਲ ਕੀਤਾ ਗਿਆ ਸੀ। ਇਸ ਨਗਰ ਕੀਰਤਨ ਵਿਚ ਜਿੱਥੇ ਵੱਖ ਵੱਖ ਹੋਰ ਫਲੋਟ ਸ਼ਾਮਲ ਹੋਏ, ਉਥੇ ਇੱਥੇ ਲੱਗੇ ਧਾਰਮਿਕ ਸਾਜੋ ਸਾਮਾਨ ਦੇ ਬਾਜ਼ਾਰ ਵਿਚ ਲੋਕਾਂ ਨੇ ਖਰੀਦੋ ਫਰੋਖਤ ਵੀ ਕੀਤੀ। ਪਿਛਲੇ ਸਾਲ ਨਾਲੋਂ ਲੰਗਰਾਂ ਦੀ ਸਮਰੱਥਾ ਵੀ ਵੱਧ ਸੀ ਅਤੇ ਵੱਖ ਵੱਖ ਤਰ੍ਹਾਂ ਦੇ ਪਕਵਾਨਾਂ ਦਾ ਸੰਗਤਾਂ ਨੇ ਸੁਆਦ ਚੱਖਿਆ। ਨਗਰ ਕੀਰਤਨ ਦੇ ਦੀਵਾਨ ਦੌਰਾਨ ਜਿਨ੍ਹਾਂ ਲੋਕਾਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਲਈ ਦਾਨ ਦਿੱਤਾ, ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ ਗਿਆ। ਨਗਰ ਕੀਰਤਨ ਪੰਜਾਂ ਪਿਆਰਿਆਂ ਦੀ ਰਹਿਨੁਮਾਈ ਹੇਠ ਕੱਢਿਆ ਗਿਆ ਅਤੇ ਲਾਗਲੀਆਂ ਸੜਕਾਂ ਤੋਂ ਹੁੰਦਾ ਹੋਇਆ ਬਾਅਦ ਦੁਪਹਿਰ 5 ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਮੁੜ ਵਾਪਸ ਆ ਕੇ ਸਮਾਪਤ ਹੋਇਆ।

# ਬ੍ਰਿਟਿਸ਼ ਸਿੱਖ ਕੌਂਸਲ ਨੇ ਸਿਕਲੀਗਰ ਸਿੱਖ ਵਿਦਿਆਰਥੀਆਂ ਨੂੰ ਰੁਜ਼ਗਾਰ ਤੇ ਵਿਦਿਆ ਵੱਲ ਤੋਰਿਆ

*ਭਾਈ ਤਰਸੇਮ ਸਿੰਘ ਯੂਕੇ ਸਿਕਲੀਗਰ ਸਿੱਖਾਂ ਦੀ ਪੜ੍ਹਾਈ ਲਈ ਖੋਲ੍ਹ ਰਹੇ ਹਨ ਕਪੂਰਥਲੇ ’ਚ ਸਕੂਲ ਤੇ ਬੰਦੀ ਸਿਕਲੀਗਰ ਸਿੱਖਾਂ ਨੂੰ ਛੁਡਾਉਣ ਲਈ ਕੀਤੇ ਉਪਰਾਲੇ*

**ਜਲੰਧਰ /ਗੋਲਡੀ :** ਬ੍ਰਿਟਿਸ਼ ਸਿੱਖ ਕੌਂਸਲ ਦੇ ਚੇਅਰਮੈਨ ਤਰਸੇਮ ਸਿੰਘ ਦਿਓਲ ਨੇ ਵਤਨ ਯਾਤਰਾ ਦੌਰਾਨ ਕਿਹਾ ਕਿ ਉਹ ਮੱਧ ਪ੍ਰਦੇਸ਼, ਮਹਾਂਰਾਸ਼ਟਰ ਵਿਚ ਯਾਤਰਾ ਕਰਕੇ ਆਏ ਹਨ।,ਜਿੱਥੇ ਉਨ੍ਹਾਂ ਨੇ ਸਿਕਲੀਗਰ ਸਿੱਖ ਭਾਈਚਾਰੇ ਨੂੰ ਉੱਪਰ ਉਠਾਉਣ ਲਈ ਰੁਜ਼ਗਾਰ, ਵਿਦਿਆ, ਗੁਰਦੁਆਰੇ ਦੇ ਪ੍ਰੋਜੈਕਟ ਸ਼ੁਰੂ ਕੀਤੇ ਹੋਏ ਹਨ। ਉਨ੍ਹਾਂ ਦੱਸਿਆ ਕਿ ਬ੍ਰਿਟਿਸ਼ ਸਿੱਖ ਕੌਂਸਲ ਦੇ ਸਾਰੇ ਮੈਂਬਰ ਇਨ੍ਹਾਂ ਗਰੀਬ ਸਿੱਖਾਂ ਦੀ ਦੀ ਅਵਾਜ਼ ਬਣ ਕੇ 2002 ਤੋਂ ਪ੍ਰਚਾਰ ਅਤੇ ਇਨ੍ਹਾਂ ਦੇ ਵਿਕਾਸ ਵਾਸਤੇ ਸੇਵਾ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਵੱਖ ਵੱਖ ਸਿੱਖ ਪਰਿਵਾਰਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਮਹਾਰਾਸ਼ਟਰ ਵਿੱਚ ਗਿਆਰਾਂ ਗੁਰਦੁਆਰਾ ਸਾਹਿਬ, ਤਲੇਗਾਉ, ਵਾਰਧਾ ਅਤੇ ਦਾਉਸਾ ਵਿੱਚ ਵਿੱਚ ਨਵੇਂ ਘਰਾਂ ਦੀ ਸੇਵਾ ਕੀਤੀ ਗਈ। ਦੱਸ ਸਾਲ ਲਗਾਤਾਰ ਨੌਜਵਾਨ ਵਿਧਵਾਵਾਂ ਨੂੰ ਪੈਨਸ਼ਨ ਦਿੰਦੀ ਜਾਂਦੀ ਰਹੀ। ਯੂਨੀਵਰਸਿਟੀ ਉਚੇਰੀ ਵਿੱਦਿਆ ਹਾਸਲ ਕਰ ਰਹੇ ਵਿਦਿਆਰਥੀਆ ਦੀ ਫ਼ੀਸ ਹੋਸਟਲ ਦੀ ਸੇਵਾ ਕੀਤੀ ਜਾ ਰਹੀ ਹੈ। ਬਹੁਤਾਤ ਇਨ੍ਹਾਂ ਸਿੱਖਾਂ ਨੇ ਹਰਿਮੰਦਰ ਸਾਹਿਬ ਦੇ ਕਦੇ ਦਰਸ਼ਨ ਨਹੀ ਕੀਤੇ , ਇਨ੍ਹਾਂ ਸਿੱਖਾਂ ਨੂੰ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਾਏ ਜਾਂਦੇ ਹਨ । ਅੰਮ੍ਰਿਤ ਛਕਾ ਕੇ ਸਿੱਖੀ ਵਿੱਚ ਲਿਆਉਣ ਦੀ ਸੇਵਾ ਜਾਰੀ ਹੈ। ਮੱਧ ਪ੍ਰਦੇਸ਼ ਵਿੱਚ 14 ਗੁਰਦੁਆਰਾ ਸਾਹਿਬ ਦੀ ਸੇਵਾ, ਘਰਾਂ ਦੀ ਸੇਵਾ, ਰੋਜ਼ਗਾਰਾਂ ਦੀ ਸੇਵਾ ਬੱਚਿਆ ਦੀ ਪੜ੍ਹਾਈ ਦੀ ਸੇਵਾ ਬ੍ਰਿੱਟਿਸ਼ ਸਿੱਖ ਕੌਂਸਲ ਸੰਗਤਾਂ ਦੇ ਸਹਿਯੋਗ ਨਾਲ ਨਿਭਾ ਚੁੱਕੀ ਹੈ। ਦੋ ਹੋਰ ਗੁਰਦੁਆਰਾ ਸੇਵਾ ਆਰੰਭ ਹੋ ਚੁੱਕੀ ਹੈ ਤੇ ਹੁਣ ਉਨ੍ਹਾਂ ਨੂੰ ਰੁਜ਼ਗਾਰ ਦੇ ਲਈ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਿੱਖ ਸਿਕਲੀਗਰ ਪੂਰੇ ਭਾਰਤ ਦੇ ਲਗਭਗ ਸਾਰੇ ਸੂਬਿਆਂ ਵਿਚ ਨਿਵਾਸ ਕਰਦੇ ਹਨ, ਸਾਬਤ ਸੂਰਤ ਹਨ, ਇਨ੍ਹਾਂ ਦੀ ਗਿਣਤੀ ਲਗਭਗ 4 ਕਰੋੜ ਹੈ। ਇਹ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਗੁਰੂ ਘਰ ਵਿਚ ਹਥਿਆਰ ਬਣਾਉਣ ਲਈ ਆਏ ਸਨ। ਇਨ੍ਹਾਂ ਸਿੱਖ ਸਿਕਲੀਗਰਾਂ ਨੇ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ, ਗੁਰੂ ਗੋਬਿੰਦ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਲਈ ਹਥਿਆਰ ਬਣਾਏ। ਪਰ ਹੁਣ ਇਹ ਮੁਸ਼ਕਲ ਨਾਲ ਗੁਜਾਰਾ ਕਰਦੇ ਹਨ। ਸਰਕਾਰਾਂ ਨੇ ਉਨ੍ਹਾਂ ਨੂੰ ਬਿਲਕੁਲ ਸਹੂਲਤਾਂ ਨਹੀਂ ਦਿੱਤੀਆਂ, ਜਿਸ ਕਰਕੇ ਉਹ ਨਰਕ ਭਰਿਆ ਜੀਵਨ ਹੰਢਾ ਰਹੇ ਹਨ। ਇਹ ਲੋਕ ਕਈ ਥਾਵਾਂ ’ਤੇ ਛੱਪੜਾਂ ਤੇ ਟੋਬਿਆਂ ਦਾ ਪਾਣੀ ਪੀ ਕੇ ਗੁਜ਼ਾਰਾ ਕਰਦੇ ਹਨ, ਜਿਨ੍ਹਾਂ ਲਈ ਬ੍ਰਿਟਿਸ਼ ਸਿੱਖ ਕੌਂਸਲ ਨੇ ਸਬਮਰਸੀਬਲ ਪੰਪ ਉਸਾਰ ਕੇ ਦਿੱਤੇ ਹਨ ਤਾਂ ਜੋ ਉਹ ਸਾਫ ਪਾਣੀ ਪੀ ਸਕਣ। ਉਨ੍ਹਾਂ ਦੱਸਿਆ ਕਿ ਮੱਧ ਪ੍ਰਦੇਸ਼ ਦੀ ਪੁਲਿਸ ਇਨਾਂ ਨੂੰ ਜਬਰੀ ਚੁੱਕ ਕੇ ਪਹਿਲਾਂ ਇਨ੍ਹਾਂ ਤੋਂ ਹਥਿਆਰ ਬਣਾਉਂਦੀ ਹੈ ਤੇ ਬਾਅਦ ਵਿਚ ਹਥਿਆਰ ਬਣਾਉਣ ਦੀ ਨਜ਼ਾਇਜ਼ ਫੈਕਟਰੀ ਫੜੀ, ਅਜਿਹੀ ਵੀਡੀਓ ਰੀਲੀਜ਼ ਕਰ ਦਿੰਦੀ ਹੈ। ਸਿੱਖ ਸਿਕਲੀਗਰਾਂ ਦੇ 36 ਪਿੰਡਾਂ ਦੇ 1100 ਪਰਿਵਾਰਾਂ ’ਤੇ ਝੂਠੇ ਪੁਲਿਸ ਕੇਸ ਦਰਜ ਹਨ। ਭਾਈ ਤਰਸੇਮ ਸਿੰਘ ਨੇ ਬੰਦੀ ਸਿੱਖ ਸਿਕਲੀਗਰਾਂ ਨੂੰ ਛੁਡਾਉਣ ਦੇ ਲਈ ਕਾਨੂੰਨੀ ਸਹਾਇਤਾ ਦੇਣੀ ਵੀ ਆਰੰਭ ਕੀਤੀ ਹੋਈ ਹੈ ਤੇ ਪ੍ਰਸ਼ਾਸ਼ਨ ਨਾਲ ਵੀ ਗੱਲਬਾਤ ਕੀਤੀ ਹੈ ਤਾਂ ਜੋ ਉਨ੍ਹਾਂ ਨੂੰ ਨਾਜਾਇਜ਼ ਤੰਗ ਨਾ ਕੀਤਾ ਜਾਵੇ। ਭਾਈ ਤਰਸੇਮ ਸਿੰਘ ਨੇ ਸਮੂਹ ਸਿੱਖ ਜਥੇਬੰਦੀਆਂ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਨੂੰ ਤੇ ਦੇਸ-ਵਿਦੇਸ਼ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਮੱਧ ਪ੍ਰਦੇਸ਼ ਦੇ 4 ਜਿਲਿਆਂ ਵਿਚ ਸਿੱਖ ਸਿਕਲੀਗਰਾਂ ’ਤੇ ਪੁਲਿਸ ਤਸ਼ੱਦਦ ਰੋਕਣ ਲਈ ਅੱਗੇ ਆਉਣ ਤੇ ਸੁਹਿਰਦ ਢੰਗ ਨਾਲ ਦਸਬੰਧ ਦੇ ਕੇ ਉਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਅੱਗੇ ਆਉਣ ਤੇ ਬ੍ਰਿਟਿਸ਼ ਸਿੱਖ ਕੌਂਸਲ ਨਾਲ ਜੁੜ ਕੇ ਆਪਣਾ ਹਿੱਸਾ ਪਾਉਣ।




CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਜਸਟਿਸ ਗੁਰਨਾਮ ਸਿੰਘ ਜਾਂਚ ਪੜਤਾਲ ਕਮਿਸ਼ਨ, ਪੰਜਾਬ

# ਹਵਾਲਾ ਨਕੋਦਰ ਘਟਨਾ

## ਜਾਂਚ ਪੜਤਾਲ ਰਿਪੋਰਟ

ਚੰਡੀਗੜ੍ਹ, ਅਕਤੂਬਰ 31, 1986

**4 ਫਰਵਰੀ 1986 ਨੂੰ ਪੰਜਾਬ ਦੇ ਜਲੰਧਰ ਜ਼ਿਲ੍ਹੇ ਵਿਚ ਪੈਂਦੇ ਕਸਬਾ ਨਕੋਦਰ ਵਿਖੇ ਇਕ ਹੌਲਨਾਕ ਕਾਂਡ ਵਾਪਰਿਆ ਸੀ। ਅਖੌਤੀ ਸ਼ਿਵ ਸੈਨਿਕਾਂ ਨੇ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਬੇਅਦਬੀ ਕੀਤੀ ਸੀ। ਸਿੱਖ ਸੰਗਤਾਂ ਨੇ ਜਦੋਂ ਰੋਸ ਵਿਚ ਅਮਨ-ਪੂਰਵਕ ਜਲੂਸ ਕੱਢਿਆ ਤਾਂ ਪੁਲਿਸ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਦੇ ਲਾਠੀਚਾਰਜ ਕੀਤਾ। ਇਸ ਦੌਰਾਨ ਚਾਰ ਸਿੱਖ ਨੌਜਵਾਨ ਸ਼ਹੀਦ ਹੋਏ ਤੇ ਸੈਂਕੜੇ ਜ਼ਖਮੀ ਹੋਏ। ਇਸ ਬਾਬਤ ਤਤਕਾਲੀਨ ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਜਾਂਚ ਵਾਸਤੇ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਸਥਾਪਨਾ ਕੀਤੀ ਸੀ, ਜਿਸ ਦੀ ਰਿਪੋਰਟ ਲੰਮਾ ਸਮਾਂ ਦਬਾ ਕੇ ਰੱਖਣ ਤੋਂ ਬਾਅਦ ਸਾਲ 2001 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਵਿਧਾਨ ਸਭਾ 'ਚ ਪੇਸ਼ ਹੋਈ ਪਰ ਬਾਦਲ ਸਰਕਾਰ ਨੇ ਵੀ ਕੋਈ ਕਾਰਵਾਈ ਕਰਨ ਦੀ ਥਾਂ ਇਸ ਰਿਪੋਰਟ ਨੂੰ ਮੁੜ ਨੱਪ ਲਿਆ। ਲੰਮੀ ਜੱਦੋਜਹਿਦ ਤੋਂ ਬਾਅਦ ਆਖਿਰ ਮੁੜ ਇਸ ਰਿਪੋਰਟ ਨੂੰ ਬਾਹਰ ਲਿਆਉਣ ਵਿਚ ਕਾਮਯਾਬੀ ਮਿਲੀ ਹੈ। ਅਦਾਰਾ "ਅੰਮ੍ਰਿਤਸਰ ਟਾਈਮਜ਼" ਵੱਲੋਂ ਜਸਟਿਸ ਗੁਰਨਾਮ ਸਿੰਘ ਰਿਪੋਰਟ ਦਾ ਹੂਬਹੂ ਉਤਾਰਾ ਪਾਠਕਾਂ ਦੀ ਨਜ਼ਰ ਕੀਤਾ ਜਾ ਰਿਹਾ ਹੈ-ਸੰਪਾਦਕ।**

### ਭਾਗ ਚੌਥਾ

(ਲੜੀ ਜੋੜਨ ਲਈ ਪਿਛਲੇ ਅੰਕ ਵੇਖੋ)



31. ਇਹ ਅੱਗ ਇਤਫਾਕੀਆ ਵੀ ਨਹੀਂ ਹੋ ਸਕਦੀ, ਕਿਉਂਕਿ ਗੁਰਦੁਆਰੇ ਦੇ ਗ੍ਰੰਥੀ ਸ੍ਰੀ ਸੁਖਚੈਨ ਸਿੰਘ ਦੇ ਬਿਆਨ ਮੁਤਾਬਕ ਸੁੱਖ ਆਸਨ ਕਮਰੇ ਵਿਚ ਕੋਈ ਧੂਪ ਜਾਂ ਅਗਰਬੱਤੀ ਇਸਤੇਮਾਲ ਨਹੀਂ ਕੀਤੀ ਜਾਂਦੀ। ਇਸ ਤੋਂ ਇਲਾਵਾ ਅਜਿਹੀ ਵਿਆਪਕ ਅੱਗ ਧੂਪ ਜਾਂ ਅਗਰਬੱਤੀ ਜਲਾਉਣ ਕਰਕੇ ਨਹੀਂ ਲੱਗ ਸਕਦੀ ਸੀ। ਆਮ ਕਰਕੇ ਦਿਨ ਦੇ ਸਮੇਂ ਕੋਈ ਧੂਪ ਜਾਂ ਅਗਰਬੱਤੀ ਨਹੀਂ ਜਲਾਈ ਜਾਂਦੀ ਅਤੇ ਇਹ ਸ਼ਾਮ ਨੂੰ ਹੀ ਜਲਾਈ ਜਾਂਦੀ ਹੈ। ਇਸ ਤਰ੍ਹਾਂ ਇਹ ਅੱਗ ਕਿਸੇ ਵੀ ਵਿਅਕਤੀ ਦੀ ਲਾਪ੍ਰਵਾਹੀ ਸਦਕਾ ਨਹੀਂ ਹੋ ਸਕਦੀ। ਪੁਲਿਸ ਅਤੇ ਹੋਰ ਅਫ਼ਸਰ ਇਸ ਨਤੀਜੇ 'ਤੇ ਪਹੁੰਚੇ ਸਨ ਕਿ ਇਹ ਅੱਗ ਇਤਫਾਕੀਆ ਲੱਗੀ ਸੀ ਜਿਸ ਦਾ ਕਾਰਨ ਕੋਈ ਸਮੱਗਰੀ ਆਦਿ ਨਹੀਂ। ਪਹਿਲੀ ਸੂਚਨਾ ਰਿਪੋਰਟ ਨੰ. 50 ਭਾਰਤੀ ਦੰਡ ਸਹਿਤਾ ਦੀਆਂ ਧਰਾਵਾਂ 295/436 ਦੇ ਤਹਿਤ ਦਰਜ ਕੀਤੀ ਗਈ ਸੀ। ਦੋਵੇਂ ਅਪਰਾਧ ਪੁਲਿਸ ਦੁਆਰਾ ਸੁਣਵਾਈ ਯੋਗ ਹਨ। ਇਸ ਕੇਸ ਸਬੰਧੀ ਤਫ਼ਤੀਸ਼ ਕੇਵਲ ਇਸ ਸੀਮਾ ਤੱਕ ਹੀ ਕੀਤੀ ਗਈ ਸੀ ਕਿ ਪੁਲਿਸ ਅਧਿਕਾਰੀ ਘਟਨਾ ਸਥਲ ਤੇ ਗਏ ਅਤੇ ਉਥੇ ਮੌਜੂਦ ਕੁਝ ਵਿਅਕਤੀਆਂ ਨੂੰ ਸੁਣਿਆ ਤੇ ਉਸ ਆਧਾਰ 'ਤੇ ਜ਼ਿਮਨੀਆਂ ਤਿਆਰ ਕਰ ਲਈਆਂ ਗਈਆਂ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਸ਼ੱਕ ਸੀ ਕਿ ਸ਼ਾਇਦ ਸ਼ਿਵ ਸੈਨਾ ਦੇ ਕੁਝ ਲੋਕਾਂ ਨੇ ਇਹ ਸ਼ਰਾਰਤ ਕੀਤੀ ਸੀ ਅਤੇ ਉਹ ਚਾਹੁੰਦੇ ਸਨ ਕਿ ਸ੍ਰੀ ਐਸ. ਚੋਪੜਾ ਨੂੰ ਪੁਲਿਸ ਦੁਆਰਾ ਹਿਰਾਸਤ ਵਿਚ ਲਿਆ ਜਾਵੇ। ਪੁਲਿਸ ਨੇ ਸ੍ਰੀ ਰਮੇਸ਼ ਚੋਪੜਾ ਨੂੰ ਗ੍ਰਿਫ਼ਤਾਰ ਕਰਨ ਤੋ ਇਨਕਾਰ ਕਰ ਦਿੱਤਾ ਸੀ, ਕਿਉਂਕਿ ਉਸ ਨੂੰ ਇਕ ਜ਼ੁਰਮ ਦਾ ਭਾਗੀਦਾਰ ਬਣਾਉਣ ਸਬੰਧੀ ਕੋਈ ਸਬੂਤ ਦੂਰ ਦਾ ਵੀ ਉਪਲਬਧ ਨਹੀਂ ਸੀ। ਪੁਲਿਸ ਨੇ ਉਸੇ ਵੇਲੇ ਸੌਖਿਆਂ ਹੀ ਇਹ ਮੱਤ ਬਣਾ ਲਿਆ ਕਿ ਅੱਗ ਇਤਫਾਕੀਆ ਸੀ ਅਤੇ ਪੁਲਿਸ ਨੇ ਇਸ ਕੇਸ ਸਬੰਧੀ ਕੋਈ ਹੋਰ ਤਫਤੀਸ਼ ਨਹੀਂ ਕੀਤੀ ਅਤੇ ਨਾ ਹੀ ਕਿਸੇ ਵਿਅਕਤੀ ਦੀ ਜਾਂਚ ਪੜਤਾਲ ਕੀਤੀ ਸੀ। ਕਿਉਂ ਜੋ ਗੁਰਦੁਆਰੇ ਦੇ ਸੁਖਆਸਨ ਕਮਰੇ ਵਿਚ ਭਾਰੀ ਅੱਗ ਲੱਗੀ ਸੀ ਅਤੇ ਪੰਜ ਪਵਿੱਤਰ ਬੀੜਾਂ ਅਗਨ ਭੇਂਟ ਹੋ ਗਈਆਂ ਤੇ ਖਰਾਬ ਹੋ ਗਈਆਂ ਸਨ। ਇਸ ਲਈ ਪੁਲਿਸ ਦੀ ਇਹ ਡਿਊਟੀ ਸੀ ਕਿ ਉਹ ਇਸ ਮਾਮਲੇ ਦੀ ਤਹਿ ਤੱਕ ਅੱਪੜ ਕੇ ਇਹ ਪਤਾ ਲਗਾਉਂਦੀ ਕਿ ਮਿਤੀ 2 ਫਰਵਰੀ 1986 ਨੂੰ ਨਕੋਦਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਦੇ ਜਲਾਏ ਜਾਣ ਬਾਰੇ ਫਰਨਾ ਫਰਨ, ਤਿਆਰੀ ਕਰਨ ਅਤੇ ਯੋਜਨਾਬੰਦੀ ਕਰਨ ਲਈ ਕੋਈ ਇਕ ਵਿਅਕਤੀ, ਬਹੁਤ ਵਿਅਕਤੀ ਜਾਂ ਕੋਈ ਏਜੰਸੀ ਜ਼ਿੰਮੇਵਾਰ ਸੀ। ਕਮਿਸ਼ਨ ਦੁਆਰਾ ਕੀਤੀ ਤਫ਼ਤੀਸ਼ ਦੌਰਾਨ ਪਵਿੱਤਰ ਬੀੜਾਂ ਦੇ ਜਲਾਏ ਜਾਣ ਸਬੰਧੀ ਫਰਨਾ ਫਰਨ, ਤਿਆਰੀ ਕਰਨ ਅਤੇ ਯੋਜਨਾਬੰਦੀ ਕਰਨ ਲਈ ਕਿਸੇ ਵਿਅਕਤੀ, ਜਾਂ ਵਿਅਕਤੀਆਂ ਜਾਂ ਏਜੰਸੀਆਂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਕੋਈ ਸਬੂਤ ਨਹੀਂ ਮਿਲਿਆ। ਪਵਿੱਤਰ ਬੀੜਾਂ ਦੇ ਜਲਾਏ ਜਾਣ ਨਾਲ ਸਬੰਧਤ ਹਾਲਾਤ ਕੇਵਲ ਪੰਜਾਬ ਵਿਚ ਮੌਜੂਦਾ ਹਾਲਾਤ ਅਤੇ ਦੋਹਾਂ ਫਿਰਕਿਆਂ ਦਰਮਿਆਨ ਕੁਝ ਤਣਾਓ ਹੀ ਹੋ ਸਕਦਾ ਹੈ। ਪਲਵਿੰਦਰ ਸਿੰਘ ਅਤੇ ਕਮਲ ਮੌਖੂ ਦੇ ਝਗੜੇ ਦੀ ਘਟਨਾ ਵੀ ਉਪਰੰਤ ਹਾਲਾਤ ਦੀ ਇਕ ਕੜੀ ਹੋ ਸਕਦੀ ਹੈ।

32. ਜਿਨ੍ਹਾਂ ਤੱਥਾਂ ਦੀ ਬਿਨਾ 'ਤੇ ਸ੍ਰੀ ਇਜ਼ਹਾਰ ਆਲਮ ਅੱਗ ਇਤਫਾਕੀਆ ਹੋਣ ਸਬੰਧੀ ਕਿਸੇ ਸ਼ੱਕ 'ਤੇ ਪੁੱਜੇ ਹਨ, ਉਹ ਉਨ੍ਹਾਂ ਦੀ ਨਿੱਜੀ ਰਾਇ 'ਤੇ ਆਧਾਰਤ ਹਨ। ਸ੍ਰੀ ਆਲਮ ਦੇ ਮੁਤਾਬਕ ਜੇਕਰ ਇਹ ਸ਼ਰਾਰਤ ਹੁੰਦੀ ਤਾਂ ਇਹ ਗੁਰਦੁਆਰੇ ਦੇ ਹਾਲ ਕਮਰੇ ਵਿਚ ਮੱਥਾ ਟੇਕਣ ਦੇ ਬਹਾਨੇ ਕੀਤੀ ਜਾ ਸਕਦੀ ਸੀ। ਗੁਰਦੁਆਰੇ ਦੇ ਹਾਲ ਕਮਰੇ ਵਿਚ ਕੋਈ ਵੀ ਸ਼ਰਾਰਤ ਕਰਨੀ ਮੁਸ਼ਕਲ ਸੀ, ਕਿਉਂਕਿ ਉਥੇ ਕਿਸੇ ਵੀ ਸਮੇਂ ਕਿਸੇ ਸ਼ਰਧਾਲੂ ਦੇ ਆਉਣ ਦੀ ਸੰਭਾਵਨਾ ਹੋਣੀ ਸੀ। ਹੋਰ ਵੀ ਇਹ ਕਿ ਹਾਲ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਕੇਵਲ ਇਕ ਬੀੜ ਰੱਖੀ ਜਾਂਦੀ ਹੈ ਅਤੇ ਜੇਕਰ ਕਿਸੇ ਵਿਅਕਤੀ ਦੁਆਰਾ ਸ਼ਰਾਰਤ ਕੀਤੀ ਜਾਣੀ ਸੀ ਤਾਂ ਇਹ ਸੁੱਖ-ਆਸਨ ਕਮਰੇ ਵਿਚ ਹੀ ਸੰਭਵ ਅਤੇ ਪ੍ਰਭਾਵਸ਼ਾਲੀ ਹੋ ਸਕਦੀ ਸੀ, ਜਿੱਥੇ ਕਿ ਇਕ ਪਵਿੱਤਰ ਬੀੜ ਦਾ ਪ੍ਰਕਾਸ਼ ਕੀਤਾ ਗਿਆ ਸੀ ਜਦੋਂਕਿ ਹੋਰ ਬੀੜਾਂ ਰੁਮਾਲਿਆਂ ਵਿਚ ਲਪੇਟ ਕੇ ਰੱਖੀਆਂ ਹੋਈਆਂ ਸਨ। ਉਸ ਪਵਿੱਤਰ ਬੀੜ ਜੋ ਪ੍ਰਕਾਸ਼-ਮਾਨ ਸੀ ਦਾ ਬਹੁਤ ਨੁਕਸਾਨ ਹੋ ਗਿਆ ਸੀ, ਜਦੋਂਕਿ ਹੋਰ ਬੀੜਾਂ ਆਲੇ ਦੁਆਲੇ ਜਲ ਗਈਆਂ ਸਨ। ਸ੍ਰੀ ਆਲਮ ਦਾ ਇਹ ਮਸ਼ਵਰਾ ਸੀ ਕਿ ਨਿਸ਼ਾਨਾ ਪਵਿੱਤਰ ਬੀੜ ਨਹੀਂ ਸੀ, ਦਰੁਸਤ ਨਹੀਂ ਹੈ, ਕਿਉਂ ਜੋ ਜੇਕਰ ਕੋਈ ਅਜਿਹੀ ਸ਼ਰਾਰਤ ਕਰਨਾ ਚਾਹੁੰਦਾ ਤਾਂ ਇਹ ਕੇਵਲ ਸੁਖਆਸਨ ਕਮਰੇ ਨੂੰ ਅੱਗ ਲਗਾ ਕੇ ਹੀ ਸੰਭਵ ਸੀ ਅਤੇ ਉਸ ਨਾਲ ਪਵਿੱਤਰ ਬੀੜਾਂ ਦਾ ਨੁਕਸਾਨ ਹੋ ਸਕਦਾ ਸੀ। ਇਸ ਤੋਂ ਇਲਾਵਾ ਆਲਮ ਦੇ ਮੁਤਾਬਕ ਅੱਗ ਅੱਧੇ ਘੰਟੇ ਤੋਂ ਅਧਿਕ ਸਮੇਂ ਉਪਰੰਤ ਹੀ ਪਵਿਤਰ ਬੀੜਾਂ ਨੂੰ ਲੱਗ ਸਕੀ ਅਤੇ ਸ਼ਰਾਰਤੀ ਅਨਸਰ ਇਤਨਾ ਬੇਵਕੂਫ਼ ਨਹੀਂ ਹੋ ਸਕਦਾ ਕਿ ਉਹ ਇਸ ਕੰਮ ਲਈ ਐਨੀ ਦੇਰ ਲਗਾਂਦਾ। ਇਹ ਮੱਤ ਵੀ ਮੁਨਾਸਿਕ ਕਾਰਨਾਂ ਤੇ ਆਧਾਰਤ ਨਹੀਂ ਕਿਉਂਕਿ ਜੇਕਰ ਇਹ ਸ਼ਰਾਰਤ ਕਿਸੇ ਵਿਅਕਤੀ ਦੁਆਰਾ ਕੀਤੀ ਹੁੰਦੀ ਤਾਂ ਇਹ ਕੇਵਲ ਸੁੱਖਆਸਨ ਕਮਰੇ ਵਿਚ ਹੀ ਅੱਗ ਲਗਾਉਣ ਨਾਲ ਹੀ ਹੋ ਸਕਦੀ ਸੀ, ਭਾਵੇਂ ਇਸ ਨਾਲ ਵਿਆਪਕ ਨੁਕਸਾਨ ਹੁੰਦਾ ਜਾਂ ਥੋੜਾ ਨੁਕਸਾਨ ਹੁੰਦਾ ਅਤੇ ਇਸ ਦਾ ਟੀਚਾ ਪ੍ਰਾਪਤ ਹੋਣ ਲਈ ਐਨਾ ਹੀ ਕਾਫ਼ੀ ਸੀ ਕਿਉਂਕਿ ਸਿੱਖ ਭਾਈਚਾਰੇ ਲਈ ਸੁਖਆਸਨ ਕਮਰੇ ਵਿਚ ਅੱਗ ਲੱਗਣੀ, ਭਾਵੇਂ ਇਸ ਨਾਲ ਪਵਿੱਤਰ ਬੀੜਾਂ ਅਤੇ ਰੁਮਾਲਿਆਂ ਨੂੰ ਥੋੜਾ ਜਿਹਾ ਹੀ ਨੁਕਸਾਨ ਹੋਵੇ, ਉਨ੍ਹਾਂ (ਸਿੱਖਾਂ) ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਕਾਫ਼ੀ ਸੀ। ਦੁਬਾਰਾ ਸ੍ਰੀ ਇਜ਼ਹਾਰ ਆਲਮ ਦੇ ਮੁਤਾਬਕ ਅੱਗ ਤਖਤਪੋਸ਼ ਦੀ ਹੇਠਲੀ ਦਰੀ ਅਤੇ ਕੱਪੜਿਆਂ ਤੋਂ ਸ਼ੁਰੂ ਹੋਈ ਸੀ। ਇਥੋਂ ਤੱਕ ਕਿ ਜੇਕਰ ਅੱਗ ਤਖਤਪੋਸ਼ ਦੇ ਹੇਠੋਂ ਵੀ ਸ਼ੁਰੂ ਹੋਈ ਹੁੰਦੀ ਤਾਂ ਵੀ ਇਸ ਨਾਲ ਵਸਤਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਦਾ ਨੁਕਸਾਨ ਹੋ ਸਕਦਾ ਸੀ, ਭਾਵੇਂ ਕਿ ਇਸ ਅੱਗ ਵੱਲ ਕਿਸੇ ਦਾ ਧਿਆਨ ਵੀ ਨਾ ਜਾਂਦਾ ਇਹ ਕਹਿਣਾ ਹੈ ਸਾਧਾਰਨ ਤੌਰ 'ਤੇ ਇਸ ਬਿਨਾ ਤੇ ਇਹ ਸ਼ਰਾਰਤ ਨਹੀਂ ਸੀ। ਅਤਿ ਕਲਪਨਾ ਵਾਲੀ ਗੱਲ ਹੈ। ਹੋਰ ਇਹ ਕਿ ਸ੍ਰੀ ਆਲਮ ਮੁਤਾਬਕ ਸ਼ਰਾਰਤੀ ਅਨਸਰ ਵਧੇਰੇ ਤੇ ਸਨਸਨੀਖੇਜ ਸੌਖੇ ਨਿਸ਼ਾਨੇ ਦੀ ਚੋਣ ਕਰਦੇ ਹਨ। ਗੁਰਦੁਆਰੇ ਵਿਚਲਾ ਹਾਲ ਕਮਰਾ ਜਿੱਥੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਪ੍ਰਕਾਸ਼' ਕੀਤਾ ਹੋਇਆ ਸੀ, ਖੁੱਲਾ ਸੀ ਜਦੋਂ ਕਿ ਸੁਖਆਸਨ ਕਮਰੇ ਦਾ ਦਰਵਾਜਾ ਬੰਦ ਸੀ ਅਤੇ ਸ਼ਰਾਰਤੀ ਅਨਸਰ ਲਈ ਜੇਕਰ ਕੋਈ ਵਧੇਰੇ ਸੌਖਾ ਨਿਸ਼ਾਨਾ ਸੀ ਤਾਂ ਉਹ ਪਾਸੇ ਦਾ ਕਮਰਾ ਯਾਨੀ ਸੁੱਖਆਸਨ ਕਮਰਾ ਹੀ ਸੀ, ਨਾ ਕਿ ਹਾਲ ਕਮਰਾ ਜਿੱਥੇ ਕਿ ਪਵਿੱਤਰ ਬੀੜ ਪ੍ਰਕਾਸ਼ ਮਾਨ ਸੀ। ਇਸ ਕੇਸ ਵਿਚ ਹਾਲ ਕਮਰੇ ਵਿਚ ਜਾਂ ਪਾਸੇ ਦੇ ਕਮਰੇ ਵਿਚ ਅੱਗ ਦਾ ਲੱਗਣਾ ਸਿੱਖ ਭਾਈਚਾਰੇ ਲਈ ਇਕੋ ਜਿਹੀ ਸਨਸਨੀਖੇਜ ਘਟਨਾ ਸੀ। ਸ੍ਰੀ ਆਲਮ ਮੁਤਾਬਕ ਮਿਤੀ 2 ਫਰਵਰੀ,1986 ਨੂੰ 5 ਵਜੇ ਤੋਂ 6 ਵਜੇ ਤੱਕ ਬਿਜਲੀ ਨਹੀਂ ਸੀ ਅਤੇ ਉਹ ਸਵੇਰੇ 10 ਵਜੇ ਤੋਂ ਬਾਅਦ ਆਈ ਸੀ ਅਤੇ ਹਨੇਰੇ ਕਮਰੇ ਵਿਚ ਸਵੇਰੇ ਕੋਈ ਮੋਮਬੱਤੀ ਅਵੱਸ਼ ਜਲ ਰਹੀ ਹੋਵੇਗੀ ਅਤੇ ਇਹ ਹੀ ਅੱਗ ਦਾ ਸਬੱਬ ਬਣ ਗਈ ਹੋਵੇਗੀ। ਸ੍ਰੀ ਆਲਮ ਵਲੋਂ ਕੱਢਿਆ ਗਿਆ ਇਹ ਸਿੱਟਾ ਸਹੀ ਨਹੀਂ ਕਿਉਂਕਿ ਗੁਰਦੁਆਰੇ ਦਾ ਗ੍ਰੰਥੀ ਸਵੇਰੇ 9 ਵਜੇ ਚਲਾ ਗਿਆ ਸੀ ਅਤੇ ਅੱਗ ਦਾ ਪਤਾ ਸ੍ਰੀਮਤੀ ਗੁਰਦੀਪ ਕੌਰ ਨੂੰ ਸਵੇਰੇ 9.45 ਵਜੇ ਲੱਗਿਆ ਸੀ ਅਤੇ ਉਸ ਸਮੇਂ ਕੋਈ ਮੋਮਬੱਤੀ ਬਲਦੀ ਹੋਈ ਨਹੀਂ ਹੋ ਸਕਦੀ ਸੀ। ਹੋਰ ਇਹ ਵੀ ਕਿ ਬਿਜਲੀ ਮਹਿਕਮੇ ਨੇ ਇਹ ਰਿਪੋਰਟ ਦਿੱਤੀ ਹੈ ਕਿ ਉਸ ਦਿਨ, ਦਿਨ ਦੇ ਸਮੇਂ ਦੌਰਾਨ ਬਿਜਲੀ ਸਪਲਾਈ ਵਿਚ ਕੋਈ ਕੱਟ ਨਹੀਂ ਸੀ ਲਗਾਇਆ ਗਿਆ। ਜੇਕਰ ਸ੍ਰੀ ਇਜ਼ਹਾਰ ਆਲਮ ਦਾ ਮਸ਼ਵਰਾ ਸੀ ਕਿ ਅੱਗ ਇਤਫਾਕੀਆ ਲੱਗੀ ਸੀ ਤਾਂ ਵੀ ਉਨ੍ਹਾਂ ਨੂੰ ਇਸ ਕੇਸ ਸਬੰਧੀ ਹੋਰ ਤਫ਼ਤੀਸ਼ ਦਾ ਹੁਕਮ ਦੇਣਾ ਚਾਹੀਦਾ ਸੀ। ਪੁਲਿਸ ਦਾ ਇਹ ਪੱਖ ਕਿ ਤਫ਼ਤੀਸ਼ ਰੋਕ ਦਿੱਤੀ ਗਈ ਸੀ, ਕਿਉਂ ਜੋ ਇਹ ਕਿਸੇ ਕਮਿਸ਼ਨ ਦੁਆਰਾ ਕੀਤੀ ਜਾਣੀ ਸੀ, ਨਿਰਧਾਰਤ ਹੈ ਕਿਉਂਕਿ ਤਫਤੀਸ਼ ਸਬੰਧੀ ਕਮਿਸ਼ਨ ਮਿਤੀ 17 ਮਾਰਚ, 1986 ਨੂੰ ਨਿਯੁਕਤ ਕੀਤਾ ਗਿਆ ਸੀ। ਹੋਰ ਇਹ ਵੀ ਕਿ ਕੇਵਲ ਕਮਿਸ਼ਨ ਦੀ ਨਿਯੁਕਤੀ ਕੇਸ ਦੀ ਤਫ਼ਤੀਸ ਵਿਚ ਰੋਕ ਨਹੀਂ ਸੀ ਹੋਣੀ ਚਾਹੀਦੀ।

33. ਵਿਚਾਰ ਗੋਚਰੀਆਂ ਗੱਲਾਂ (i) ਅਤੇ (ii) ਬਾਬਤ ਮੇਰੇ ਨਿਸ਼ਕਰਸ਼ ਨਿਮਨ ਅਨੁਸਾਰ ਹਨ :

(i) ਮਿਤੀ 2 ਫਰਵਰੀ, 1986 ਨੂੰ ਪਵਿੱਤਰ ਬੀੜਾਂ ਦੇ ਜਲਣ ਨਾਲ ਸਬੰਧਤ ਹਾਲਾਤ ਸ਼ਾਇਦ ਪੰਜਾਬ ਵਿਚ ਪਿਛਲੇ 4 ਸਾਲਾਂ ਤੋਂ ਚੱਲ ਰਹੇ ਹਾਲਾਤ ਅਤੇ ਦੋ ਮੁੱਖ ਫਿਰਕਿਆਂ ਦਰਮਿਆਨ ਤਣਾਓ ਹੋਵੇ। ਪਲਵਿੰਦਰ ਸਿੰਘ ਅਤੇ ਕਮਲ ਮੌਖੂ ਦਰਮਿਆਨ ਝਗੜੇ 'ਤੇ ਸ਼ਾਇਦ ਇਸ ਘਟਨਾ ਦਾ ਰੰਗ ਨਜ਼ਰ ਆਇਆ, ਪ੍ਰੰਤੂ ਉਸ ਸਬੰਧੀ ਵੀ ਕੋਈ ਸਬੂਤ ਉਪਲਬਧ ਨਹੀਂ ਹੈ। ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਰਮੇਸ਼ ਚੋਪੜਾ ਅੱਗ ਲਗਾਉਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਸੀ।

(ii) ਪਵਿੱਤਰ ਬੀੜਾਂ ਨੂੰ ਸਾੜਨ ਲਈ ਕਿਸੇ ਵੀ ਵਿਅਕਤੀ, ਵਿਅਕਤੀਆਂ ਜਾਂ ਏਜੰਸੀ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਕੋਈ ਸਬੂਤ ਨਹੀਂ ਹੈ, ਕਿਉਂਕਿ ਇਹ ਕੇਸ ਦਰਜ ਹੋ ਚੁੱਕਾ ਹੈ ਅਤੇ ਉਲੰਘਣਾਵਾਂ ਸੁਣਵਾਈ ਯੋਗ ਹਨ, ਇਸ ਲਈ ਸ਼ਾਇਦ ਪੁਲਿਸ ਕੋਈ ਸੁਰਾਗ ਲਗਾਉਣ ਵਿਚ ਸਮਰੱਥ ਹੋ ਜਾਵੇ ਬਸ਼ਰਤੇ ਕਿ ਜੇ ਹੋਰ ਤਫ਼ਤੀਸ਼ ਮੁਨਾਸਬ ਸਮਝੀ ਜਾਂਦੀ ਹੈ।

ਵਿਚਾਰ ਅਧੀਨ ਤੀਜੀ ਗੱਲ ਨੂੰ ਨਿਮਨ ਅਨੁਸਾਰ ਪੜ੍ਹਿਆ ਜਾਂਦਾ ਹੈ। ਕਾਨੂੰਨ ਤੇ ਵਿਵਸਥਾ ਦੀ ਵਿਗੜ ਰਹੀ ਸਥਿਤੀ ਅਤੇ ਮਿਤੀ 3 ਫਰਵਰੀ, 1986 ਨੂੰ ਕਰਫਿਊ ਲਗਾਉਣ ਲਈ ਜ਼ਿੰਮੇਵਾਰ ਘਟਨਾਵਾਂ ਦੀ ਲੜੀ ਅਤੇ ਹਾਲਾਤ ਅਤੇ ਸਾਰੇ ਤੱਥਾਂ ਅਤੇ ਇਹ ਗੱਲ ਕਿ 4 ਫਰਵਰੀ 1986 ਨੂੰ ਨਕੋਦਰ ਵਿਖੇ ਪੁਲਿਸ ਦੁਆਰਾ ਗੋਲੀਆਂ ਚਲਾਉਣਾ ਜਿਸ ਦੇ ਸਿੱਟੇ ਵਜੋਂ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ, ਨਿਆਏਸੰਗਤ (ਉਚਿਤ) ਸੀ, ਬਾਰੇ ਤਫ਼ਤੀਸ਼ ਕਰਨੀ।

ਜਿਵੇਂਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸ੍ਰੀਮਤੀ ਗੁਰਦੀਪ ਕੌਰ, ਸੁਪਤਨੀ ਸ੍ਰੀ ਸੁਖਚੈਨ ਸਿੰਘ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ, ਮੁਹੱਲਾ ਗੁਰੂ ਨਾਨਕਪੁਰਾ, ਨਕੋਦਰ ਦੇ ਗੁਰਦੁਆਰੇ ਦੇ ਸੁਖਆਸਣ ਵਾਲੇ ਕਮਰੇ ਵਿਚ ਲੱਗੀ ਮਿਤੀ 2ਫਰਵਰੀ, 1986 ਨੂੰ ਸਵੇਰੇ9.30 ਵਜੇ ਧਿਆਨ ਵਿਚ ਆਈ ਸੀ। ਇਹ ਅੱਗ ਗਵਾਂਢੀਆਂ ਵਲੋਂ ਬੁਝਾਈ ਗਈ ਸੀ। ਸ੍ਰੀ ਜਸਕੀਰਤ ਸਿੰਘ ਐਸ.ਐਚ.ਓ. ਥਾਣਾ ਨਕੋਦਰ ਨੇ ਆਪਣੇ ਹਲਫ਼ਨਾਮੇ ਵਿਚ ਇਹ ਬਿਆਨ ਦਿੱਤਾ ਸੀ ਕਿ ਮਿਤੀ 3 ਫਰਵਰੀ, 1986 ਨੂੰ ਹਥਿਆਰਾਂ ਨਾਲ ਲੈਸ ਲਗਭਗ 40 ਅਕਾਲੀ ਵਰਕਰਾਂ ਦਾ ਜਲੂਸ ਵਿਚ ਰਾਸ਼ਟਰ ਵਿਰੋਧੀ ਅਤੇ ਸਮਾਜ ਵਿਰੋਧੀ ਨਾਹਰੇ ਲਾਏ ਕਿ ਗੁਰਦੁਆਰਾ ਗੁਰੂ ਅਰਜਨ ਦੇਵ ਵਿਖੇ ਅੱਗ ਲੱਗਣ ਦੀ ਘਟਨਾ ਦੇ ਖਿਲਾਫ਼ ਆਈ.ਐਸ.ਐਸ.ਐਫ਼ ਦੁਆਰਾ ਇਕ ਰੈਲੀ ਕੀਤੀ ਗਈ ਸੀ ਅਤੇ ਕਿ ਜਲੂਸ ਦੇ ਮੈਂਬਰਾਂ ਨੇ ਨਕੋਦਰ ਨਗਰ ਦੀ ਸੰਪਤੀ ਨੂੰ ਵੀ ਨੁਕਸਾਨ ਪਹੁੰਚਾਇਆ ਸੀ । ਹੋਰ ਇਹ ਵੀ ਕਿ ਉਸ ਦੇ ਮੁਤਾਬਕ ਉਸ ਘਟਨਾ ਸਬੰਧੀ ਥਾਣਾ ਨਕੋਦਰ ਵਿਖੇ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 124-ਏ, 188, 148, 149 ਅਤੇ 506 ਦੇ ਤਹਿਤ ਕੇਸ ਦੀ ਪਹਿਲੀ ਸੂਚਨਾ ਰਿਪੋਰਟ ਨੰ. 51, ਮਿਤੀ 3 ਫਰਵਰੀ,1986 ਨੂੰ ਦਰਜ ਕੀਤੀ ਗਈ ਸੀ। ਉਸ ਨੇ ਹੋਰ ਇਹ ਬਿਆਨ ਦਿੱਤਾ ਕਿ ਉਸੇ ਦਿਨ ਸ਼ਾਮ ਨੂੰ ਸ੍ਰੀ ਰਮੇਸ਼ ਚੰਦਰ ਉਰਫ਼ ਖਾਨ ਦੀ ਕਮਾਨ ਹੇਠ ਹਿੰਦੂ ਸ਼ਿਵ ਸੈਨਾ ਦੇ ਕੁਝ ਵਰਕਰਾਂ ਜੋ ਗੰਡਾਸੀਆਂ ਅਤੇ ਲਾਠੀਆਂ ਨਾਲ ਲੈਸ ਸਨ, ਨਕੋਦਰ ਨਗਰ ਵਿਖੇ ਇਕ ਰੈਲੀ ਕੀਤੀ ਅਤੇ ਕੁਝ ਦੁਕਾਨਾਂ ਨੂੰ ਨੁਕਸਾਨ ਵੀ ਪਹੁੰਚਾਇਆ ਅਤੇ ਥਾਣਾ ਨਕੋਦਰ ਵਿਖੇ ਭਾਰਤੀ ਦੰਡਾਵਲੀ ਕੋਡ ਦੀਆਂ ਧਾਰਾਵਾਂ 596/142/188/118/149 ਦੇ ਤਹਿਤ ਕੇਸ ਦੀ ਪਹਿਲੀ ਸੂਚਨਾ ਰਿਪੋਰਟ ਨੰ. 52 ਮਿਤੀ 3 ਫਰਵਰੀ, 1986 ਦਰਜ ਕੀਤੀ ਗਈ ਸੀ। ਆਪਣੀ ਗਵਾਹੀ ਵਿਚ ਉਸ ਨੇ ਇਹ ਵੀ ਦੱਸਿਆ ਕਿ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਨੂੰ ਦੇਖਦੇ ਹੋਏ ਅਤੇ ਨਕੋਦਰ ਦੇ ਲੋਕਾਂ ਦੀ ਜਾਨ ਤੇ ਮਾਲ ਦੀ ਰੱਖਿਆ ਲਈ ਨਕੋਦਰ ਵਿਚ ਕਰਫਿਊ ਲਗਾ ਦਿੱਤਾ ਸੀ।

34. ਸਰਵਸ਼੍ਰੀ ਸੁਰਜੀਤ ਸਿੰਘ ਰਾਜਪੂਤ, ਪੀ.ਸੀ.ਐਸ. ਸਬ ਡਵੀਜ਼ਨਲ ਮੈਜਿਸਟ੍ਰੇਟ ਨਕੋਦਰ ਅਤੇ ਜੀ.ਐਸ.ਘੁੰਮਣ, ਡੀ.ਐਸ. ਪੀ. ਨਕੋਦਰ ਅੱਗ ਲੱਗਣ ਦੀ ਘਟਨਾ ਤੋਂ ਬਾਅਦ ਫੌਰਨ ਗੁਰਦੁਆਰੇ ਪਹੁੰਚੇ, ਜਿਹਾ ਕਿ ਉਨ੍ਹਾਂ ਦੁਆਰਾ ਆਪਣੇ ਹਲਫ਼ਨਾਮਿਆਂ ਵਿਚ ਬਿਆਨ ਦਿੱਤੇ ਗਏ ਹਨ, ਇਲਾਕੇ ਅਤੇ ਨਗਰ ਦੇ ਵਸਨੀਕ ਗੁਰਦੁਆਰਾ ਵਿਖੇ ਇਕੱਠੇ ਸਨ ਅਤੇ ਉਨ੍ਹਾਂ ਵਿਚੋਂ ਕਿਸੇ ਵਿਅਕਤੀ ਨੇ ਵੀ ਕਿਸੇ ਵੀ ਵਿਅਕਤੀ ਦੇ ਖਿਲਾਫ਼ ਸ਼ਰਾਰਤ ਦਾ ਕੋਈ ਦੋਸ਼ ਨਹੀਂ ਲਗਾਇਆ ਅਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀਆਂ ਜਲੀਆਂ ਬੀੜਾਂ ਸਿੱਖ ਧਰਮ ਦੀਆਂ ਮਰਿਆਦਾਵਾਂ ਮੁਤਾਬਕ (ਸੰਸਕਾਰ ਲਈ) ਗੋਇੰਦਵਾਲ ਸਾਹਿਬ ਲਿਜਾਈਆਂ ਜਾਣ। ਇਸ ਤੋਂ ਇਲਾਵਾ ਉਨ੍ਹਾਂ ਦੇ ਮੁਤਾਬਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਿਗਰਾਨੀ ਹੇਠ ਬੀੜਾਂ ਲਿਜਾਣ ਲਈ ਇਕ ਵਾਹਨ ਦਾ ਪ੍ਰਬੰਧ ਕੀਤਾ ਗਿਆ ਸੀ। ਐਸ.ਡੀ.ਐਮ.ਅਤੇ ਡੀ.ਐਸ.ਪੀ. ਬਾਅਦ ਦੁਪਹਿਰ ਤਕਰੀਬਨ 1.30 ਵਜੇ ਥਾਣਾ ਨਕੋਦਰ ਆਏ, ਜਿਥੋਂ ਐਸ.ਡੀ.ਐਮ. ਉਸ ਦੀ ਰਿਹਾਇਸ਼-ਗਾਹ ਤੇ ਗਿਆ ਅਤੇ ਬਾਅਦ ਦੁਪਹਿਰ ਤਕਰੀਬਨ2.30 ਵਜੇ ਸ੍ਰੀ ਦਰਬਾਰਾ ਸਿੰਘ ਗੁਰੂ ਐਡੀਸ਼ਨਲ ਡਿਪਟੀ ਕਮਿਸ਼ਨਰ, ਜਲੰਧਰ ਨੂੰ ਵਾਕਿਆ ਬਾਰੇ ਸੂਚਿਤ ਕੀਤਾ। ਐਸ.ਡੀ.ਐਮ. ਨੇ ਹੋਰ ਇਹ ਵੀ ਬਿਆਨ ਦਿੱਤਾ ਕਿ ਬਾਅਦ ਦੁਪਹਿਰ ਤਕਰੀਬਨ 4.30 ਵਜੇ ਸ੍ਰੀ ਜੀ.ਐਸ. ਘੁੰਮਣ, ਡੀ.ਐਸ.ਪੀ ਨੇ ਉਸ ਨੂੰ ਸੂਚਨਾ ਦਿੱਤੀ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਸੜੀਆਂ ਹੋਈਆਂ ਪਵਿੱਤਰ ਬੀੜਾਂ ਗੋਇੰਦਵਾਲ ਸਾਹਿਬ ਲਿਜਾਣ ਲਈ ਤਿਆਰ ਨਹੀਂ ਸੀ ਅਤੇ ਉਨ੍ਹਾਂ ਦੁਆਰਾ ਗੁਰਦੁਆਰੇ ਵਿਚ ਇਕ ਮੀਟਿੰਗ ਨਿਸ਼ਚਿਤ ਕੀਤੀ ਜਾਵੇਗੀ। ਡੀ.ਐਸ.ਪੀ.ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੋਕਾਂ ਨੂੰ ਕਿਹਾ ਕਿ ਉਹ ਉਸ ਦੇ ਦਫ਼ਤਰ ਵਿਖੇ ਆਉਣ, ਪ੍ਰੰਤੂ ਕੋਈ ਵਿਅਕਤੀ ਨਹੀਂ ਆਇਆ। ਐਸ.ਡੀ.ਐਮ. ਦੇ ਮੁਤਾਬਕ ਉਸ ਨੇ ਅਤੇ ਡੀ.ਐਸ.ਪੀ. ਨੇ ਸਿੱਖ ਭਾਈਚਾਰੇ ਦੇ ਉਘੇ ਵਿਅਕਤੀਆਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਐਸ.ਡੀ.ਐਮ. ਦੇ ਦਫ਼ਤਰ ਵਿਖੇ ਮੀਟਿੰਗ ਲਈ ਆਉਣ ਵਾਸਤੇ ਪ੍ਰੇਰਿਆ। ਮੀਟਿੰਗ ਰਾਤ ਦੇ ਲਗਭਗ 9 ਵਜੇ ਹੋਈ ਸੀ ਅਤੇ ਇਸ ਮੀਟਿੰਗ ਵਿਚ ਨਕੋਦਰ ਦੇ ਸਮੂਹ ਵਸਨੀਕਾਂ ਜਿਸ ਵਿਚ ਸ੍ਰੀ ਜਸਵੰਤ ਸਿੰਘ, ਪ੍ਰਧਾਨ ਅਕਾਲੀ ਜਥਾ ਸ਼ਹਿਰੀ ਨਕੋਦਰ, ਸ੍ਰੀ ਰਵਿੰਦਰ ਸਿੰਘ ਵਕੀਲ, ਜਥੇਦਾਰ ਹਰਨਾਮ ਸਿੰਘ ਉਧਮੀ, ਸ੍ਰੀ ਮੋਹਨ ਲਾਲ ਵਕੀਲ,ਸ੍ਰੀ ਸਵਰਨ ਸਿੰਘ ਭਾਟੀਆ ਸਾਬਕਾ ਮਿਊਂਸਪਲ ਕਮਿਸ਼ਨਰ ਅਤੇ ਸ੍ਰੀ ਰਤਨ ਸਿੰਘ ਸੰਘੇੜਾ ਆਦਿ ਸ਼ਾਮਲ ਸਨ ਨੇ ਭਾਗ ਲਿਆ। ਇਨ੍ਹਾਂ ਵਿਅਕਤੀਆਂ ਨੇ ਐਸ. ਡੀ.ਐਮ. ਨੂੰ ਸੂਚਿਤ ਕੀਤਾ ਕਿ ਗੁਰਦੁਆਰੇ ਵਿਚ ਹੋਈ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਹੈ ਕਿ ਮਿਤੀ 3 ਫਰਵਰੀ, 1986 ਨੂੰ ਨਕੋਦਰ ਨਗਰ ਵਿਚ ਇਕ ਜਲੂਸ ਕੱਢਿਆ ਜਾਵੇ ਅਤੇ ਬੰਦ ਰੱਖਿਆ ਜਾਵੇ। ਹੋਰ ਇਹ ਵੀ ਕਿ ਐਸ.ਡੀ.ਐਮ. ਦੇ ਮੁਤਾਬਕ ਉਪਰੋਕਤ ਦੱਸੇ ਗਏ ਵਿਅਕਤੀਆਂ ਨੂੰ ਜਲੂਸ ਨਾ ਕੱਢਣ ਅਤੇ ਬੰਦ ਰੱਖਣ ਲਈ ਪ੍ਰੇਰਿਤ ਕੀਤਾ ਗਿਆ। ਪ੍ਰੰਤੂ ਉਹ ਰਜਾਮੰਦ ਨਾ ਹੋਏ। ਐਸ.ਡੀ.ਐਮ. ਨੇ ਆਪਣੇ ਹਲਫ਼ਨਾਮੇ ਵਿਚ ਹੋਰ ਇਹ ਵੀ ਬਿਆਨ ਦਿੱਤਾ ਕਿ ਫਿਰ ਉਸ ਨੇ ਇਕੱਠੇ ਹੋਏ ਵਿਅਕਤੀਆਂ ਨੂੰ ਨਕੋਦਰ ਦੀ ਸੰਘਣੀ ਵਸੋਂ ਵਾਲੇ ਇਲਾਕੇ ਦੇ ਬਾਜ਼ਾਰਾਂ ਵਿਚੋਂ ਜਲੂਸ ਨਾ ਕੱਢਣ ਲਈ ਪ੍ਰੇਰਿਆ ਸੀ। ਕਿਸੇ ਵੀ ਵਿਅਕਤੀ ਨੂੰ ਉਸ ਦੀ ਦੁਕਾਨ ਜਾਂ ਹੋਰ ਅਦਾਰੇ ਬੰਦ ਕਰਾਉਣ ਲਈ ਜ਼ੋਰ ਨਹੀਂ ਪਾਇਆ ਜਾਣਾ ਚਾਹੀਦਾ। ਸ੍ਰੀ ਦਰਬਾਰਾ ਸਿੰਘ ਗੁਰੂ ਐਡੀਸ਼ਨਲ ਡਿਪਟੀ ਕਮਿਸ਼ਨਰ ਨੂੰ ਸ਼ਾਮ ਦੇ 5.45 ਵਜੇ ਸਥਿਤੀ ਬਾਰੇ ਜਾਣਕਾਰੀ ਦੇ ਦਿੱਤੀ ਗਈ ਸੀ। ਐਸ .ਡੀ.ਐਮ. ਨੇ ਨਕੋਦਰ ਵਿਖੇ ਸਥਿਤ ਕਾਲਜਾਂ ਨੂੰ ਬੰਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਸਨ।

(ਬਾਕੀ ਅਗਲੇ ਅੰਕ 'ਚ)

# ਜਥੇਦਾਰ ਇਕਬਾਲ ਸਿੰਘ ਨੂੰ ਹੁਣ ਡਰ ਲੱਗਦਾ ਏ ਸੁਖਬੀਰ ਤੇ ਹਿੱਤ ਤੋਂ

## *ਸੌਦਾ ਸਾਧ ਨੂੰ ਮਾਫੀ ਮਾਮਲੇ 'ਚ ਸੁਖਬੀਰ ਬਾਦਲ, ਗਿਆਨੀ ਗੁਰਮੁਖ ਸਿੰਘ ਤੇ ਗਿਆਨੀ ਗੁਰਬਚਨ ਸਿੰਘ ਨੂੰ ਤਲਬ ਕਰਨ ਦੀ ਮੰਗ*

- **ਬਿਹਾਰ ਤੇ ਪੰਜਾਬ ਸਰਕਾਰ ਕੋਲੋਂ ਮੰਗੀ ਸੁਰੱਖਿਆ**
- **ਅਕਾਲ ਤਖ਼ਤ ਵੱਲੋਂ ਬਣਾਈ ਕਮੇਟੀ 'ਤੇ ਕੀਤਾ ਕਿੰਤੂ**

**ਅੰਮ੍ਰਿਤਸਰ/ਏਟੀ ਨਿਊਜ਼ :** ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਇਕਬਾਲ ਸਿੰਘ ਨੇ ਪੰਜਾਬ ਅਤੇ ਬਿਹਾਰ ਦੇ ਮੁੱਖ ਮੰਤਰੀਆਂ ਨੂੰ ਵੱਖ ਵੱਖ ਪੱਤਰ ਭੇਜ ਕੇ ਆਪਣੀ ਜਾਨ ਨੂੰ ਖਤਰਾ ਦੱਸਦਿਆਂ ਸੁਰੱਖਿਆ ਮੰਗੀ ਹੈ। ਗਿਆਨੀ ਇਕਬਾਲ ਸਿੰਘ ਨੇ ਬੀਤੇ ਦਿਨ ਪ੍ਰਬੰਧਕੀ ਬੋਰਡ ਵਲੋਂ ਸੇਵਾਮੁਕਤ ਕਰ ਦਿੱਤਾ ਗਿਆ ਸੀ। ਇਸ ਮਗਰੋਂ ਸਾਬਕਾ ਜਥੇਦਾਰ ਨੇ ਇਕ ਬਿਆਨ ਰਾਹੀਂ ਉਨ੍ਹਾਂ ਖ਼ਿਲਾਫ਼ ਮੁੜ ਸ਼ੁਰੂ ਕੀਤੀ ਜਾਂਚ ਨੂੰ ਇਕ ਸਾਜਿਸ਼ ਕਰਾਰ ਦਿੱਤਾ ਸੀ। ਉਨ੍ਹਾਂ ਨੇ ਬਿਹਾਰ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਵੱਖ ਵੱਖ ਪੱਤਰ ਭੇਜ ਕੇ ਆਖਿਆ ਕਿ ਉਨ੍ਹਾਂ ਦੀ ਜਾਨ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਖਤਰਾ ਹੈ। ਉਨ੍ਹਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਇਸ ਲਈ ਸਰਕਾਰ ਵੱਲੋਂ ਵਿਸ਼ੇਸ਼ ਸੁਰੱਖਿਆ ਮੁਹੱਈਆ ਕੀਤੀ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਤਖਤ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਅਤੇ ਬੋਰਡ ਦੇ ਮੈਂਬਰ ਕਮਿੱਕਰ ਸਿੰਘ ਮੁਕੰਦਪੁਰ ਤੋਂ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ। ਉਨ੍ਹਾਂ ਲਿਖਿਆ ਕਿ ਡੇਰਾ ਮੁਖੀ ਰਾਮ ਰਹੀਮ ਨੂੰ ਬਿਨਾਂ ਮੰਗੇ ਦਿੱਤੀ ਮੁਆਫੀ ਦਾ ਸੱਚ ਉਜਾਗਰ ਕਰਨ ਕਰਕੇ ਹੀ ਉਨ੍ਹਾਂ ਖ਼ਿਲਾਫ਼ ਇਹ ਸਾਜਿਸ਼ਾਂ ਰਚੀਆਂ ਗਈਆਂ ਹਨ। ਦੂਜੇ ਪਾਸੇ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਨੇ ਇਕਬਾਲ ਸਿੰਘ ਵੱਲੋਂ ਲਾਏ ਦੋਸ਼ਾਂ ਨੂੰ ਰੱਦ ਕੀਤਾ। ਉਨ੍ਹਾਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਡੇਰਾ ਸਿਰਸਾ ਦੇ ਮੁਖੀ ਨੂੰ ਦਿੱਤੀ ਮੁਆਫੀ ਦੇ ਮਾਮਲੇ ਵਿਚ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ, ਗਿਆਨੀ ਗੁਰਬਚਨ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖ਼ਤ 'ਤੇ ਸੱਦਣ।



### ਕਮੇਟੀ 15 ਦਿਨਾਂ 'ਚ ਕਰੇਗੀ ਜਾਂਚ

ਗਿਆਨੀ ਇਕਬਾਲ ਸਿੰਘ ਦੇ ਕੇਸ ਸਬੰਧੀ ਸ਼ਿਕਾਇਤਾਂ ਦੀ ਜਾਂਚ ਕਮੇਟੀ ਨੂੰ 15 ਦਿਨ ਦਾ ਸਮਾਂ ਹੋਰ ਦਿੱਤਾ ਹੈ। ਸਿੰਘ ਸਾਹਿਬ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਹੁਸ਼ਿਆਰਪੁਰ ਵਿਖੇ ਤਿੰਨ ਨੌਜਵਾਨਾਂ (ਅਰਵਿੰਦਰ ਸਿੰਘ, ਸੁਰਜੀਤ ਸਿੰਘ ਅਤੇ ਰਣਜੀਤ ਸਿੰਘ) ਨੂੰ ਸਿਰਫ ਧਾਰਮਿਕ ਸਾਹਿਤ ਰੱਖਣ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਕਰ ਦਿੱਤੀ ਗਈ। ਇਸ ਕਾਰਵਾਈ 'ਤੇ ਅਫਸੋਸ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੌਜਵਾਨਾਂ ਦੀ ਕਾਨੂੰਨੀ ਅਤੇ ਆਰਥਿਕ ਸਹਾਇਤਾ ਕੀਤੀ ਜਾਵੇ।

ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਦੇ ਪ੍ਰਧਾਨ ਵੱਲੋਂ ਪੁੱਜੀ ਬੇਨਤੀ ਦੇ ਅਧਾਰ 'ਤੇ ਤਖ਼ਤ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਵੇਂ ਜਥੇਦਾਰ ਦੀ ਚੋਣ ਕਰਨ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਹਿਤ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ, ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ, ਇਕਬਾਲ ਸਿੰਘ ਮੈਂਬਰ ਹੋਣਗੇ। ਇਸ ਕਮੇਟੀ ਦੇ ਕੋ-ਅਰਡੀਨੇਟਰ ਪ੍ਰਬੰਧਕ ਕਮੇਟੀ ਤਖ਼ਤ ਪਟਨਾ ਸਾਹਿਬ ਦੇ ਮੈਂਬਰ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਹੋਣਗੇ। ਇਹ ਕਮੇਟੀ ਸਮੂਹ ਸਿੱਖ ਜਥੇਬੰਦੀਆਂ ਨਾਲ ਸੰਪਰਕ ਕਰ ਕੇ 2 ਨਾਵਾਂ ਦੀ ਸਿਫ਼ਾਰਸ਼ ਕਰੇਗੀ।

### ਸਿੱਟ ਨੂੰ ਦੇਣਗੇ ਸਹਿਯੋਗ

ਇਕਬਾਲ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਜਾਣਬੁੱਝ ਕੇ ਫਸਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੌਦਾ ਸਾਧ ਨੂੰ ਮੁਆਫੀ ਦੇਣ ਦਾ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਬਦਨਾਮ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਦੀ ਮੁਆਫ਼ੀ ਨੂੰ ਗਿਆਨੀ ਗੁਰਮੁਖ ਸਿੰਘ ਤੇ ਗੁਰਬਚਨ ਸਿੰਘ ਨੇ 'ਸੰਪਾਦਤ' ਕੀਤਾ ਸੀ ਤੇ ਮੁਆਫੀ ਨੂੰ ਜਾਇਜ਼ ਠਹਿਰਾਉਣ ਲਈ 90 ਲੱਖ ਦੇ ਇਸ਼ਤਿਹਾਰ ਵੀ ਦਿੱਤੇ ਗਏ। ਉਨ੍ਹਾਂ ਕਿਹਾ ਕਿ ਇਨ੍ਹਾਂ ਘਟਨਾਵਾਂ ਨੇ ਧਾਰਮਿਕ ਸੰਸਥਾਵਾਂ ਤੇ ਸਿਆਸੀ ਪਾਰਟੀਆਂ ਦੇ ਗਠਜੋੜ ਦੀ ਪੋਲ ਵੀ ਖੋਲ੍ਹ ਦਿੱਤੀ। ਇਸ ਲਈ ਗਿਆਨੀ ਗੁਰਮੁਖ ਸਿੰਘ ਤੇ ਗੁਰਬਚਨ ਸਿੰਘ ਨੂੰ ਤਲਬ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਆਪਣੇ ਇਲਜ਼ਾਮਾਂ ਬਾਰੇ ਸਪੱਸ਼ਟੀਕਰਨ ਤਿੰਨ ਮੈਂਬਰੀ ਕਮੇਟੀ ਨੂੰ ਦੇ ਚੁੱਕੇ ਹਨ ਤੇ ਹੁਣ ਅਸਤੀਫੇ ਮਗਰੋਂ ਵੀ ਜਾਂਚ ਸ਼ੁਰੂ ਹੋਣਾ, ਕਿਸੇ ਸਾਜ਼ਿਸ਼ ਦਾ ਹਿੱਸਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਇਸ ਘਟਨਾਕ੍ਰਮ 'ਤੇ ਪੜਤਾਲ ਕਰ ਰਹੀ ਪੰਜਾਬ ਸਰਕਾਰ ਦੀ ਵਿਸ਼ੇਸ਼ ਜਾਂਚ ਟੀਮ ਕੋਈ ਗੱਲਬਾਤ ਕਰਨਾ ਚਾਹੁੰਦੀ ਹੈ ਤਾਂ ਉਹ ਉਸ ਨੂੰ ਸਭ ਕੁਝ ਸੱਚ ਦੱਸ ਦੇਣਗੇ।

### ਇਕਬਾਲ ਸਿੰਘ ਨੂੰ ਪੰਥ ਵਿਚੋਂ ਛੇਕਣ ਦੀ ਮੰਗ ਉਠੀ

ਅਖੰਡ ਕੀਰਤਨੀ ਜਥੇ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਅਹੁਦੇ ਤੋਂ ਲਾਹੇ ਗਏ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਤੁਰੰਤ ਸਿੱਖ ਪੰਥ ਵਿਚੋਂ ਛੇਕਣ ਦੀ ਮੰਗ ਕੀਤੀ ਹੈ। ਅਖੰਡ ਕੀਰਤਨੀ ਜਥੇ ਦੇ ਮੁਖੀ ਭਾਈ ਬਖ਼ਸ਼ੀਸ਼ ਸਿੰਘ ਅਤੇ 31 ਮੈਂਬਰੀ ਵਿਸ਼ਵ ਵਿਆਪੀ ਕਮੇਟੀ ਨੇ ਇੱਥੋਂ ਜਾਰੀ ਕੀਤੇ ਬਿਆਨ ਵਿਚ ਕਿਹਾ ਕਿ ਸਿੱਖ ਪੰਥ ਵਿਚ ਤਖ਼ਤ ਸਾਹਿਬਾਨ ਦੇ ਜਥੇਦਾਰ ਦੀ ਪਦਵੀ ਸਨਮਾਨਯੋਗ ਹੈ ਪਰ ਇਕਬਾਲ ਸਿੰਘ ਨੇ ਕਦੇ ਵੀ ਆਪਣੀ ਪਦਵੀ ਦੇ ਸਨਮਾਨ ਦਾ ਖ਼ਿਆਲ ਨਹੀਂ ਰੱਖਿਆ ਸਗੋਂ ਉਹ ਕਦੇ ਤਿੰਨ-ਤਿੰਨ ਵਿਆਹ ਕਰਵਾਉਣ, ਕਦੇ ਹੰਕਾਰ ਵਿਚ ਆ ਕੇ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਚੁਣੌਤੀ ਦੇਣ ਅਤੇ ਪੰਥ ਦੇ ਪੰਜ ਤਖ਼ਤ ਸਾਹਿਬਾਨ ਦੇ ਸਨਮਾਨ ਵਿਚ ਫ਼ਰਕ ਪਾਉਣ ਤੇ ਕਦੇ ਆਪਣੇ ਪੁੱਤਰ ਦੇ ਸਿੱਖੀ ਕਿਰਦਾਰ ਤੋਂ ਡਿੱਗੇ ਗ਼ੈਰ-ਇਖ਼ਲਾਕੀ ਕਾਰਨਾਮਿਆਂ ਕਾਰਨ ਵਿਵਾਦਾਂ ਵਿਚ ਰਹੇ।

### ਪਤਨੀ ਨੇ ਇਕਬਾਲ ਸਿੰਘ 'ਤੇ ਲਗਾਏ ਦੋਸ਼

ਵੱਖ-ਵੱਖ ਦੋਸ਼ਾਂ ਵਿਚ ਘਿਰੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਦੀਆਂ ਮੁਸ਼ਕਲਾਂ ਵਿਚ ਦਿਨ ਪ੍ਰਤੀਦਿਨ ਵਾਧਾ ਹੁੰਦਾ ਜਾ ਰਿਹਾ ਹੈ। ਦਿੱਲੀ ਤੋਂ ਔਰਤਾਂ ਦਾ ਇਕ ਵਫ਼ਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਗਿਆਨੀ ਇਕਬਾਲ ਸਿੰਘ ਖ਼ਿਲਾਫ਼ ਸ਼ਿਕਾਇਤ ਲੈ ਕੇ ਪੁੱਜਾ। ਇਹ ਵਫ਼ਦ ਪਹਿਲਾਂ ਵੀ ਗਿਆਨੀ ਇਕਬਾਲ ਸਿੰਘ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਪਣੀ ਸ਼ਿਕਾਇਤ ਦੇ ਚੁੱਕਾ ਹੈ। ਵਫ਼ਦ ਦੀ ਅਗਵਾਈ ਕਰ ਰਹੀ ਬੀਬੀ ਸੁਰਬੀਰ ਕੌਰ ਨੇ ਦੋਸ਼ ਲਾਉਂਦਿਆਂ ਕਿਹਾ ਕਿ ਗਿਆਨੀ ਇਕਬਾਲ ਸਿੰਘ ਨੇ ਬੀਬੀ ਬਲਜੀਤ ਕੌਰ ਨਾਲ ਧੋਖੇ ਨਾਲ ਵਿਆਹ ਕੀਤਾ ਹੈ ।ਮਾਰਕੁੱਟ ਕਰਨ ਤੋਂ ਬਾਅਦ ਹੁਣ ਬੀਬੀ ਬਲਜੀਤ ਕੌਰ ਨੂੰ ਘਰੋਂ ਵੀ ਕੱਢ ਦਿੱਤਾ ਹੈ । ਇਸ ਸੰਬੰਧ ਵਿਚ ਉਨ੍ਹਾਂ ਬੀਬੀ ਬਲਜੀਤ ਕੌਰ ਤਰਫੋਂ ਇਕ ਫਰਵਰੀ ਨੂੰ ਸ਼ਿਕਾਇਤ ਅਕਾਲ ਤਖ਼ਤ ਸਾਹਿਬ ਵਿਖੇ ਪਹਿਲਾਂ ਵੀ ਦਿੱਤੀ ਸੀ। ਹੁਣ ਉਹ ਦੁਬਾਰਾ ਸ਼ਿਕਾਇਤ ਲੈ ਕੇ ਆਏ ਹਨ ਤਾਂ ਕਿ ਗਿਆਨੀ ਇਕਬਾਲ ਸਿੰਘ ਖ਼ਿਲਾਫ਼ ਧਾਰਮਿਕ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇ । ਉਨ੍ਹਾਂ ਕਿਹਾ ਕਿ ਬੀਬੀ ਬਲਜੀਤ ਕੌਰ ਨੇ ਉਨ੍ਹਾਂ ਦੇ ਨਾਲ ਆਉਣਾ ਸੀ ਪਰ ਬੀਮਾਰ ਹੋਣ ਕਾਰਨ ਉਹ ਨਹੀਂ ਆ ਸਕੇ । ਇਸ ਮੌਕੇ ਉਨ੍ਹਾਂ ਨਾਲ ਅਕਾਲੀ ਦਲ ਦਿੱਲੀ ਸਟੇਟ ਇਸਤਰੀ ਵਿੰਗ ਦੀ ਉਪ-ਪ੍ਰਧਾਨ ਬੀਬੀ ਰਵਿੰਦਰ ਕੌਰ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਗਿਆਨੀ ਇਕਬਾਲ ਸਿੰਘ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਜਾਵੇ। ਇਸ ਸਬੰਧ ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗਿਆਨੀ ਇਕਬਾਲ ਸਿੰਘ ਖ਼ਿਲਾਫ਼ ਜਾਂਚ ਕਮੇਟੀ ਜਾਂਚ ਕਰ ਰਹੀ ਹੈ , ਜਿਸ ਦੀ ਰਿਪੋਰਟ 15 ਦਿਨਾਂ ਤੱਕ ਉਨ੍ਹਾਂ ਦੇ ਕੋਲ ਪੁੱਜ ਜਾਵੇਗੀ। ਇਸ ਵਿਚ ਬੀਬੀ ਬਲਜੀਤ ਕੌਰ ਸਬੰਧੀ ਸ਼ਿਕਾਇਤ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਤੇ ਬੀਬੀ ਬਲਜੀਤ ਕੌਰ ਨੂੰ ਇਨਸਾਫ਼ ਮਿਲੇਗਾ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਦੇ ਨੌਂ ਮੈਂਬਰ ਨਾਮਜ਼ਦ

**ਅੰਮ੍ਰਿਤਸਰ/ਏਟੀ ਨਿਊਜ਼ :**
ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਕੀ ਬੋਰਡ ਦੇ ਗਠਨ ਬਾਰੇ ਮਹਾਰਾਸ਼ਟਰ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਇਸ ਦੇ ਬੋਰਡ ਵਿਚ 9 ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਭੁਪਿੰਦਰ ਸਿੰਘ ਮਿਨਹਾਸ ਨੂੰ ਬੋਰਡ ਦਾ ਪ੍ਰਧਾਨ ਬਣਾਇਆ ਗਿਆ ਹੈ।



ਮਹਾਰਾਸ਼ਟਰ ਸਰਕਾਰ ਦੇ ਡਿਪਟੀ ਸਕੱਤਰ ਰਵੀ ਰਾਜ ਫਾਲੇ ਵਲੋਂ ਜਾਰੀ ਨੋਟੀਫਿਕੇਸ਼ਨ ਵਿਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਨਾਂਦੇੜ ਦੇ 9 ਮੈਂਬਰਾਂ ਵਿਚ ਭੁਪਿੰਦਰ ਸਿੰਘ ਮਿਨਹਾਸ ਤੋਂ ਇਲਾਵਾ ਰਵਿੰਦਰ ਸਿੰਘ ਬੁੰਗਈ, ਮਨਪ੍ਰੀਤ ਸਿੰਘ ਕੂੰਜੀਵਾਲੇ, ਗੁਰਮੀਤ ਸਿੰਘ ਮਹਾਜਨ, ਗੁਰਦੀਪ ਸਿੰਘ ਭਾਟੀਆ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ, ਗੁਰਿੰਦਰ ਸਿੰਘ ਬਾਵਾ, ਪਰਮਜੋਤ ਸਿੰਘ ਚਾਹਲ ਦੇ ਨਾਂ ਸ਼ਾਮਲ ਹਨ। ਇਹ ਨੋਟੀਫਿਕੇਸ਼ਨ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਅਬਚਲ ਨਗਰ ਸਾਹਿਬ ਐਕਟ 1956 ਤਹਿਤ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਮਹਾਰਾਸ਼ਟਰ ਸਰਕਾਰ ਵਲੋਂ ਇਸ ਐਕਟ ਵਿਚ ਸੋਧ ਕਰਕੇ ਪ੍ਰਬੰਧਕੀ ਬੋਰਡ ਦਾ ਚੇਅਰਮੈਨ ਸਰਕਾਰ ਵਲੋਂ ਨਾਮਜ਼ਦ ਕੀਤਾ ਜਾ ਰਿਹਾ ਸੀ ਜਿਸ ਦਾ ਪਹਿਲਾਂ ਵੀ ਮਹਾਰਾਸ਼ਟਰ ਦੀ ਸਿੱਖ ਸੰਗਤ ਵਲੋਂ ਵਿਰੋਧ ਕੀਤਾ ਗਿਆ ਸੀ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਸਬੰਧ ਵਿਚ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੂੰ ਅਪੀਲ ਕੀਤੀ ਸੀ ਕਿ ਇਸ ਸੋਧ ਨੂੰ ਰੱਦ ਕੀਤਾ ਜਾਵੇ ਅਤੇ ਸਿੱਖ ਸੰਗਤ ਦੀ ਮੰਗ ਮੁਤਾਬਕ ਬੋਰਡ ਲਈ ਚੁਣੇ ਗਏ ਤੇ ਨਾਮਜ਼ਦ ਕੀਤੇ ਮੈਂਬਰਾਂ ਵਿਚੋਂ ਹੀ ਪ੍ਰਧਾਨ ਨਿਯੁਕਤ ਕੀਤਾ ਜਾਵੇ। ਪ੍ਰਧਾਨ ਮਿਨਹਾਸ ਨੇ ਦੱਸਿਆ ਕਿ ਉਹ ਅਗਲੇ ਹਫਤੇ ਬੋਰਡ ਦੇ ਪ੍ਰਧਾਨ ਵਜੋਂ ਆਪਣਾ ਕਾਰਜਭਾਰ ਸੰਭਾਲਣਗੇ।

### ਪਾਕਿ ਸਰਕਾਰ ਨੇ 182 ਮਦਰੱਸੇ ਕਬਜ਼ੇ 'ਚ ਲਏ

**ਲਾਹੌਰ/ਏਟੀ ਨਿਊਜ਼ :** ਪਾਕਿਸਤਾਨ ਸਰਕਾਰ ਨੇ ਇਸਲਾਮਿਕ ਅੱਤਵਾਦੀਆਂ ਵਿਰੁੱਧ ਹੋਰ ਸ਼ਿਕੰਜਾ ਕਸਦਿਆਂ 182 ਮਦਰੱਸਿਆਂ ਨੂੰ ਕਬਜ਼ੇ ਵਿਚ ਲੈ ਲਿਆ ਗਿਆ ਹੈ ਤੇ ਪਾਬੰਦੀਸ਼ੁਦਾ ਸਮੂਹਾਂ ਨਾਲ ਜੁੜੇ 121 ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ।

## ਵਧ ਰਹੇ ਕਰਜ਼ੇ ਕਾਰਨ ਪੰਜਾਬ ਆਰਥਿਕ ਸੰਕਟ ਵੱਲ

### 2019-20 ਦੌਰਾਨ ਸਰਕਾਰ ਸਿਰ ਕਰਜ਼ੇ ਦੀ ਰਾਸ਼ੀ 2.12 ਲੱਖ ਕਰੋੜ ਰੁਪਏ ਤੋਂ ਵਧ ਕੇ 2.29 ਲੱਖ ਕਰੋੜ ਰੁਪਏ ਹੋ ਜਾਵੇਗੀ

**ਚੰਡੀਗੜ੍ਹ/ਏਟੀ ਨਿਊਜ਼ :** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਬਜਟ ਵਿਚ ਦੱਸਿਆ ਹੈ ਕਿ ਸਾਲ 2019-20 ਦੌਰਾਨ ਸਰਕਾਰ ਸਿਰ ਕਰਜ਼ੇ ਦੀ ਰਾਸ਼ੀ 2.12 ਲੱਖ ਕਰੋੜ ਰੁਪਏ ਤੋਂ ਵਧ ਕੇ 2.29 ਲੱਖ ਕਰੋੜ ਰੁਪਏ ਹੋ ਜਾਵੇਗੀ। ਦਰਅਸਲ ਪਿਛਲੇ ਕਈ ਸਾਲਾਂ ਤੋਂ ਕਰਜ਼ੇ ਦਾ ਬੋਝ ਘਟਣ ਦੀ ਥਾਂ ਵਧ ਰਿਹਾ ਹੈ। ਇਸ ਤੋਂ ਇਲਾਵਾ 31000 ਕਰੋੜ ਰੁਪਏ ਦੇ ਅਨਾਜ ਬਿਲ ਦਾ ਕਰਜ਼ਾ ਵੀ ਖੜ੍ਹਾ ਹੈ। ਇਸ ਪਾਸੇ ਚਿੰਤਾ ਅਤੇ ਚਿੰਤਨ ਕਿਧਰੇ ਨਜ਼ਰ ਨਹੀਂ ਆ ਰਿਹਾ।

ਆਰਥਿਕ ਵਿਕਾਸ ਦਾ ਧੁਰਾ ਨਿਵੇਸ਼ ਹੀ ਹੁੰਦਾ ਹੈ ਤੇ ਜੇ ਨਿਵੇਸ਼ ਹੀ ਨਾ ਹੋਇਆ ਤਾਂ ਆਰਥਿਕ ਵਿਕਾਸ ਕਿਥੋਂ ਹੋਵੇਗਾ? ਜੇ ਸਰਕਾਰੀ ਨਿਵੇਸ਼ ਵਾਲੇ ਹਾਲਾਤ ਨਾ ਹੋਣ ਤਾਂ ਨਿੱਜੀ ਨਿਵੇਸ਼ ਵੀ ਆਉਣ ਤੋਂ ਝਿਜਕਦਾ ਹੈ। ਹੋਰ ਕਾਰਨਾਂ (ਜਿਵੇਂ ਭੂਗੋਲਿਕ ਹਾਲਤ, ਕੌਮਾਂਤਰੀ ਸਰਹੱਦ, ਮਹਿੰਗੀ ਜ਼ਮੀਨ ਆਦਿ) ਤੋਂ ਇਲਾਵਾ ਕਈ ਹੋਰ ਕਾਰਨ ਵੀ ਹਨ ਜਿਨ੍ਹਾਂ ਕਰਕੇ ਪੰਜਾਬ ਵਿਚ ਨਿੱਜੀ ਨਿਵੇਸ਼ ਲਈ ਹਾਲਾਤ ਸਾਜ਼ਗਰ ਨਹੀਂ ਬਣ ਰਹੇ। ਉਪਰੋਕਤ ਵਰਤਾਰੇ ਕਾਰਨ ਪੰਜਾਬ ਵਿਚ ਆਰਥਿਕ ਵਿਕਾਸ ਦੀ ਦਰ ਪਿਛਲੇ ਤਕਰੀਬਨ 25 ਸਾਲਾਂ ਤੋਂ ਲਗਾਤਾਰ ਭਾਰਤ ਦੀ ਔਸਤ ਵਿਕਾਸ ਦਰ ਤੋਂ ਹੇਠਾਂ ਰਹਿ ਰਹੀ ਹੈ; ਇਥੋਂ ਤੱਕ ਕਿ ਪੰਜਾਬ ਦੀ ਆਰਥਿਕ ਵਿਕਾਸ ਦਰ ਭਾਰਤ ਦੇ 17 ਗੈਰ-ਵਿਸ਼ੇਸ਼ ਵਰਗ ਵਾਲੇ ਰਾਜਾਂ ਦੀ ਔਸਤ ਵਿਕਾਸ ਦਰ ਤੋਂ ਵੀ ਹੇਠਾਂ ਹੈ। ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਪੰਜਾਬ ਦਾ ਭਾਰਤ ਦੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ 11ਵਾਂ ਸਥਾਨ ਹੈ। ਅਜਿਹੇ ਹਾਲਾਤ ਵਿਚ ਰੁਜ਼ਗਾਰ ਦੇ ਮੌਕੇ ਕਿਥੋਂ ਪੈਦਾ ਹੋਣਗੇ? ਜੇ ਰੁਜ਼ਗਾਰ ਦੇ ਮੌਕੇ ਨਹੀਂ ਹੋਣਗੇ ਤਾਂ ਬੇਰੁਜ਼ਗਾਰ ਨੌਜਵਾਨ ਪੰਜਾਬ ਤੋਂ ਵਿਦੇਸ਼ਾਂ ਵਲ ਨਹੀਂ ਭੱਜਣਗੇ ਤਾਂ ਕੀ ਕਰਨਗੇ? ਕੇਵਲ ਪਿਛਲੇ ਕੁਝ ਸਾਲਾਂ ਤੋਂ ਲੱਖਾਂ ਦੀ ਗਿਣਤੀ ਵਿਚ ਪੰਜਾਬੀ ਨੌਜਵਾਨ ਪੜ੍ਹਨ ਜਾਂ ਹੋਰ ਮੰਤਵਾਂ ਲਈ ਬਾਹਰਲੇ ਮੁਲਕਾਂ ਵਿਚ ਜਾ ਰਹੇ ਹਨ। ਜੇ ਹਾਲਾਤ ਇੰਜ ਹੀ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮਨੁੱਖੀ ਸਰੋਤਾਂ ਪਖੋਂ ਵੀ ਵਿਰਵਾ ਹੋ ਜਾਵੇਗਾ। ਜੇ ਇਸ ਬਾਰੇ ਅਜੇ ਵੀ ਨਾ ਸੋਚਿਆ ਗਿਆ ਅਤੇ ਬਣਦੇ ਉਪਰਾਲੇ ਨਾ ਕੀਤੇ ਗਏ ਤਾਂ ਪੰਜਾਬ ਨੂੰ ਗੰਭੀਰ ਸਮਾਜਿਕ ਅਤੇ ਸਿਆਸੀ ਉਥਲ-ਪੁਥਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਡਾ. ਮਨਮੋਹਨ ਸਿੰਘ ਨੇ ਚੋਣ ਲੜਨ ਤੋਂ ਕੀਤੀ ਨਾਂਹ

**ਚੰਡੀਗੜ੍ਹ/ਏਟੀ ਨਿਊਜ਼ :** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੀ ਸਿਹਤ ਤੇ ਉਮਰ ਦਾ ਤਕਾਜ਼ਾ ਦੱਸਦਿਆਂ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜਨ ਤੋਂ ਆਪਣੀ ਅਸਮਰੱਥਾ ਪ੍ਰਗਟਾ ਦਿੱਤੀ ਹੈ।



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੇ ਪੰਜਾਬ ਮਾਮਲਿਆਂ ਬਾਰੇ ਪਾਰਟੀ ਦੇ ਇੰਚਾਰਜ ਜਨਰਲ ਸਕੱਤਰ ਆਸ਼ਾ ਕੁਮਾਰੀ ਬੀਤੇ ਦਿਨੀਂ ਨਵੀਂ ਦਿੱਲੀ ਵਿਚ ਡਾ. ਮਨਮੋਹਨ ਸਿੰਘ ਨੂੰ ਉਨ੍ਹਾਂ ਦੀ ਰਿਹਾਇਸ਼ਗਾਹ 'ਤੇ ਮਿਲੇ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਰਾਜ ਸਭਾ ਦੇ ਮੈਂਬਰ ਵਜੋਂ ਕਾਰਜਕਾਲ ਇਸੇ ਵਰ੍ਹੇ ਜੂਨ ਮਹੀਨੇ ਖ਼ਤਮ ਹੋ ਰਿਹਾ ਹੈ। ਇਸ ਸਾਲ ਉਹ 87 ਸਾਲਾਂ ਦੇ ਹੋ ਜਾਣਗੇ। ਇਸੇ ਲਈ ਉਨ੍ਹਾਂ ਆਪਣੀ ਉਮਰ ਦਾ ਤਕਾਜ਼ਾ ਦੱਸਦਿਆਂ ਆਪਣੀ ਅਸਮਰੱਥਾ ਪ੍ਰਗਟਾਈ ਤੇ ਕਿਹਾ ਕਿ ਉਹ ਚੋਣ ਪ੍ਰਚਾਰ ਦੀਆਂ ਮੁਹਿੰਮਾਂ ਵਿੱਚ ਭਾਗ ਨਹੀਂ ਲੈ ਸਕਣਗੇ। ਤਦ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਹ ਖ਼ੁਦ ਚੋਣ ਪ੍ਰਚਾਰ ਦੌਰਾਨ ਅੰਮ੍ਰਿਤਸਰ ਵਿਚ ਰਹਿਣਗੇ ਤੇ ਮੁਹਿੰਮਾਂ ਉੱਤੇ ਪੂਰੀ ਚੌਕਸ ਨਜ਼ਰ ਰੱਖਣਗੇ; ਇਸ ਲਈ ਉਹ ਉਨ੍ਹਾਂ ਦੀ ਬੇਨਤੀ ਉੱਤੇ ਇੱਕ ਵਾਰ ਫਿਰ ਗ਼ੌਰ ਕਰ ਲੈਣ।

## ਹਿੰਦੂ ਕਲਚਰਲ ਸਭਾ ਦਾ ਪ੍ਰਧਾਨ ਜਿਨਸੀ ਛੇੜਛਾੜ ਦੇ ਦੋਸ਼ਾਂ 'ਚ ਕਾਬੂ

**ਵੈਨਕੂਵਰ/ਏਟੀ ਨਿਊਜ਼ :** ਪੰਜਾਬੀਆਂ ਦੀ ਵਸੋਂ ਵਾਲੇ ਸ਼ਹਿਰ ਐਬਟਸਫੋਰਡ 'ਚ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਪੇਸ਼ੇ ਵਜੋਂ ਟੈਕਸੀ ਚਾਲਕ ਦੀਪਕ ਸ਼ਰਮਾ (60 ਸਾਲ) ਨੂੰ ਉਸ ਦੀ ਟੈਕਸੀ 'ਚ ਔਰਤ ਸਵਾਰੀ ਨਾਲ ਜਿਨਸੀ ਛੇੜਛਾੜ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਨੇ ਦੋਸ਼ਾਂ ਨੂੰ ਨਕਾਰਿਆ ਹੈ ਤੇ ਫਰੇਜ਼ਰ ਵੈਲੀ ਹਿੰਦੂ ਕਲਚਰਲ ਸਭਾ ਦੀ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਹੈ। ਇਸੇ ਮੰਦਰ ਦੇ ਪੁਜਾਰੀ ਕਰਮਵੀਰ ਉਤੇ ਵੀ ਚਾਰ ਕੁ ਸਾਲ ਪਹਿਲਾਂ ਔਰਤ ਦਾ ਸੋਸ਼ਣ ਕਰਨ ਦੇ ਦੋਸ਼ ਲੱਗੇ ਸਨ, ਜਿਸ ਨੂੰ ਡਿਪੋਰਟ ਕਰ ਦਿੱਤਾ ਗਿਆ ਸੀ।

ਵੈਸਟ ਵੈਨਕੂਵਰ ਪੁਲੀਸ ਦੇ ਬੁਲਾਰੇ ਜੈੱਫ ਪੈਲਮਰ ਨੇ ਦੱਸਿਆ ਕਿ ਜਨਵਰੀ ਮਹੀਨੇ ਤੜਕਸਾਰ ਇਕ ਔਰਤ ਦੀਪਕ ਸ਼ਰਮਾ ਦੀ ਟੈਕਸੀ 'ਚ ਬੈਠੀ ਜਿਸ ਤੋਂ ਬਾਅਦ ਔਰਤ ਨੇ ਪੁਲੀਸ ਕੋਲ ਸ਼ਿਕਾਇਤ ਕੀਤੀ ਕਿ ਦੀਪਕ ਨੇ ਉਸ ਨਾਲ ਜ਼ਬਰਦਸਤੀ ਕੀਤੀ। ਪੁਲੀਸ ਨੇ ਲੰਬੀ ਜਾਂਚ ਤੋਂ ਬਾਅਦ ਦੋਸ਼ ਸਹੀ ਪਾਏ ਤੇ 7 ਮਾਰਚ ਨੂੰ ਦੀਪਕ ਸ਼ਰਮਾ ਉਤੇ ਦੋਸ਼ ਆਇਦ ਕਰਕੇ ਅਦਾਲਤ 'ਚ ਪੇਸ਼ ਕੀਤਾ। ਸਭਾ ਦੇ ਉਪ ਪ੍ਰਧਾਨ ਅਸ਼ੋਕ ਸ਼ਰਮਾ ਨੇ ਕਿਹਾ ਕਿ ਦੀਪਕ ਸ਼ਰਮਾ ਨੇ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਹੈ ਪਰ ਉਸ ਨੇ ਪੁਲੀਸ ਦੇ ਦੋਸ਼ਾਂ ਨੂੰ ਨਕਾਰਿਆ ਹੈ। ਮੰਦਰ ਦਾ ਨਾਂ ਵਿਵਾਦਾਂ ਨਾਲ ਜੁੜਨ ਬਾਰੇ ਪੁੱਛਣ ਤੇ ਸ਼੍ਰੀ ਸ਼ਰਮਾ ਨੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਐਸਜੀਪੀਸੀ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਵਿਚ 6 ਫੀਸਦੀ ਵਾਧਾ

**ਅੰਮ੍ਰਿਤਸਰ/ਏਟੀ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤੇ ਦੀ 6% ਦਾ ਵਾਧਾ ਕੀਤਾ ਗਿਆ ਹੈ। ਸ਼੍ਰੋ.ਗੁ.ਪ੍ਰ.ਕ. ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਕਿਹਾ ਹੈ ਕਿ ਇਹ ਵਾਧਾ 1 ਮਾਰਚ 2019 ਤੋਂ ਲਾਗੂ ਹੋਵੇਗਾ। ਉਨ੍ਹਾਂ ਦੱਸਿਆ ਕਿ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਿਚ ਸੋਧ ਕਰਨ ਹਿੱਤ ਇਕ ਗ੍ਰੇਡ ਸਬ-ਕਮੇਟੀ ਬਣਾਈ ਗਈ ਹੈ, ਜਿਸ ਨੇ ਘੋਖ ਪੜਤਾਲ ਕਰਕੇ ਆਪਣਾ ਕੰਮ ਅੰਤਮ ਛੋਹਾਂ ਤੀਕ ਪੂਰਾ ਕਰ ਲਿਆ ਹੈ ਅਤੇ ਗ੍ਰੇਡ ਕਮੇਟੀ ਦੀ ਰਾਏ ਅਨੁਸਾਰ ਸਮੂਹ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦੇ ਨਵੇਂ ਗ੍ਰੇਡ ਬਨਾਉਣ ਤੇ ਵਿਚਾਰ ਕੀਤਾ ਜਾਵੇਗਾ।

## ਪਰਮਰਾਜ ਉਮਰਾਨੰਗਲ ਦੀ ਜ਼ਮਾਨਤ

**ਫਰੀਦਕੋਟ/ਏਟੀ ਨਿਊਜ਼ :** ਸੰਨ 2015 ਦੇ ਸਾਕਾ ਕੋਟਕਪੂਰਾ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਪੰਜਾਬ ਪੁਲਿਸ ਦਾ ਆਈਜੀ ਪਰਮਰਾਜ ਉਮਰਾਨੰਗਲਾ ਕੇਂਦਰੀ ਜੇਲ੍ਹ ਪਟਿਆਲਾ ਤੋਂ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਉਸ ਨੂੰ ਫਰੀਦਕੋਟ ਦੀ ਜ਼ਿਲ੍ਹਾ ਅਤੇ ਸ਼ੈਸਨ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ ਸੀ। ਅਦਾਲਤ ਨੇ ਪਰਮਰਾਜ ਉਮਰਾਨੰਗਲ ਨੂੰ 50 ਹਜ਼ਾਰ ਰੁਪਏ ਨਿੱਜੀ ਮੁਚਲਕੇ ਅਤੇ 50 ਹਜ਼ਾਰ ਦੀ ਜ਼ਾਮਨੀ ਉੱਤੇ ਰਿਹਾਅ ਕਰਨ ਦੇ ਹੁਕਮ ਦਿੱਤੇ ਸਨ।

## ਮੁਸ਼ੱਰਫ ਬੋਲਿਆ ਮੁੰਬਈ ਹਮਲੇ ਜੈਸ਼ ਨੇ ਕਰਵਾਏ

**ਇਸਲਾਮਾਬਾਦ/ਏਟੀ ਨਿਊਜ਼ :** ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਨੇ ਮੰਨਿਆ ਹੈ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਮਸੂਦ ਅਜ਼ਹਰ ਦੇ ਦਹਿਸ਼ਤੀ ਸੰਗਠਨ ਜੈਸ਼-ਏ-ਮੁਹੰਮਦ ਨੇ ਖ਼ੁਫ਼ੀਆ ਏਜੰਸੀਆਂ ਦੀਆਂ ਹਦਾਇਤਾਂ 'ਤੇ ਭਾਰਤ ਵਿਚ ਮੁੰਬਈ ਹਮਲੇ ਕਰਵਾਏ ਸਨ। 75 ਸਾਲਾ ਮੁਸ਼ੱਰਫ, ਜੋ ਇਸ ਵੇਲੇ ਦੁਬਈ ਵਿਚ ਹੈ, ਦਾ ਕਹਿਣਾ ਹੈ ਕਿ ਜੈਸ਼ ਵਲੋਂ ਦੋ ਵਾਰ ਉਸ ਦੀ ਵੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਉਨ੍ਹਾਂ 44 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਸ਼ਲਾਘਾ ਕੀਤੀ ਹੈ।

## ਸੱਜਣ ਕੁਮਾਰ ਭੀੜ ਨੂੰ ਉਕਸਾ ਰਿਹਾ ਸੀ

### *ਦਿੱਲੀ ਦੀ ਇਕ ਅਦਾਲਤ ਸਾਹਮਣੇ ਚਾਮ ਕੌਰ ਬੋਲੀ*

**ਨਵੀਂ ਦਿੱਲੀ/ਏਟੀ ਨਿਊਜ਼ :**1984 ਦੇ ਸਿੱਖ ਕਤਲੇਆਮ ਦੇ ਕੇਸ ਦੀ ਇਕ ਗਵਾਹ ਨੇ ਦਿੱਲੀ ਦੀ ਇਕ ਅਦਾਲਤ ਸਾਹਮਣੇ ਦੁਹਰਾਇਆ ਕਿ ਕਾਂਗਰਸ ਆਗੂ ਸੱਜਣ ਕੁਮਾਰ ਭੀੜ ਨੂੰ ਸਿੱਖਾਂ ਨੂੰ ਕਤਲ ਕਰਨ ਲਈ ਉਕਸਾ ਰਿਹਾ ਸੀ। ਚਾਮ ਕੌਰ ਨੇ ਸੱਜਣ ਕੁਮਾਰ ਦੀ ਇਹ ਗੱਲ ਰੱਦ ਕੀਤੀ ਕਿ ਉਸ ਨੇ ਦਿੱਲੀ ਪੁਲੀਸ ਨੂੰ ਪਹਿਲਾਂ ਦਿੱਤੇ ਬਿਆਨ ਵਿਚ ਉਸ ਦਾ ਨਾਂ ਨਹੀਂ ਲਿਆ ਸੀ।

# ਕਰਤਾਰਪੁਰ ਕੋਰੀਡੋਰ ਵਿਖੇ 190 ਕਰੋੜ ਰੁਪਏ ਦੀ ਲਾਗਤ ਨਾਲ ਬਣੇਗਾ ਯਾਤਰੀ ਟਰਮੀਨਲ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਵੱਲੋਂ 190 ਕਰੋੜ ਰੁਪਏ ਦੀ ਲਾਗਤ ਨਾਲ ਕਰਤਾਰਪੁਰ ਲਾਂਘੇ ਲਈ ਅਤਿ ਆਧੁਨਿਕ ਯਾਤਰੀ ਟਰਮੀਨਲ ਭਵਨ (ਪੀਟੀਬੀ) ਉਸਾਰਿਆ ਜਾਵੇਗਾ। ਪਾਕਿਸਤਾਨ 'ਚ ਕਰਤਾਰਪੁਰ ਸਾਹਿਬ ਗੁਰਦੁਆਰੇ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਵਾਸਤੇ ਇਸ ਭਵਨ 'ਚ ਸਾਰੀਆਂ ਲੋੜੀਂਦੀਆਂ ਸਹੂਲਤਾਂ ਹੋਣਗੀਆਂ। ਗ੍ਰਹਿ ਮੰਤਰਾਲੇ ਦੇ ਅਧਿਕਾਰੀ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਲਾਂਘੇ 'ਤੇ ਅਤਿ ਆਧੁਨਿਕ ਪੀਟੀਬੀ ਕੰਪਲੈਕਸ ਦੀ ਉਸਾਰੀ ਲਈ ਵਿਆਪਕ ਯੋਜਨਾ ਨੂੰ ਮੰਤਰਾਲੇ ਨੇ ਪ੍ਰਵਾਨਗੀ ਦੇ ਦਿੱਤੀ ਹੈ। ਪਿਛਲੇ ਸਾਲ ਨਵੰਬਰ 'ਚ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਤੋਂ ਕੌਮਾਂਤਰੀ ਸਰਹੱਦ ਤਕ ਕਰਤਾਰਪੁਰ ਲਾਂਘਾ ਵਿਕਸਤ ਕਰਨ ਦੇ ਕੈਬਨਿਟ ਵੱਲੋਂ ਲਏ ਗਏ ਫ਼ੈਸਲੇ ਮਗਰੋਂ ਇਹ ਮਨਜ਼ੂਰੀ ਮਿਲੀ ਹੈ। ਸਰਹੱਦ 'ਤੇ ਸੰਗਠਤ ਚੈੱਕ ਪੋਸਟਾਂ ਉਸਾਰਣ ਅਤੇ ਉਸ ਨੂੰ ਚਲਾਉਣ ਵਾਲੀ ਲੈਂਡ ਪੋਰਟਸ ਅਥਾਰਟੀ ਆਫ਼ ਇੰਡੀਆ ਨੂੰ ਯਾਤਰੀ ਟਰਮੀਨਲ ਭਵਨ ਦੀ ਉਸਾਰੀ ਦਾ ਕੰਮ ਸੌਂਪਿਆ ਗਿਆ ਹੈ। ਉਨ੍ਹਾਂ ਨੂੰ ਗੁਰੂ ਨਾਨਕ ਦੇਵ ਦੇ ਨਵੰਬਰ 'ਚ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਤੇਜ਼ੀ ਨਾਲ ਇਹ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਅਧਿਕਾਰੀ ਨੇ ਕਿਹਾ ਕਿ ਨਾਨਕ ਨਾਮ ਲੇਵਾ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ 'ਚ ਰਖਦਿਆਂ ਭਵਨ ਦੇ ਡਿਜ਼ਾਈਨ ਅਤੇ ਗੁਣਵੱਤਾ ਦੇ ਮਾਪਦੰਡਾਂ ਨੂੰ ਤਿਆਰ ਕੀਤਾ ਗਿਆ ਹੈ। ਭਵਨ ਦੀ ਉਸਾਰੀ ਲਈ 50 ਏਕੜ ਜ਼ਮੀਨ ਦੀ ਪਛਾਣ ਕੀਤੀ ਗਈ ਹੈ ਅਤੇ ਇਸ ਨੂੰ ਦੋ ਪੜਾਵਾਂ 'ਚ ਵਿਕਸਤ ਕੀਤਾ ਜਾਵੇਗਾ। ਇਕ ਹੋਰ ਅਧਿਕਾਰੀ ਨੇ ਕਿਹਾ,"ਪਹਿਲੇ ਪੜਾਅ ਤਹਿਤ 15 ਏਕੜ ਤੋਂ ਵੱਧ ਜ਼ਮੀਨ 'ਤੇ ਕੰਮ ਸ਼ੁਰੂ ਹੋਵੇਗਾ ਅਤੇ ਇਸ ਸਬੰਧ 'ਚ ਜ਼ਮੀਨ ਐਕੁਆਇਰ ਕਰਨ ਦਾ ਅਮਲ ਪਹਿਲਾਂ ਹੀ ਆਰੰਭ ਹੋ ਚੁੱਕਾ ਹੈ।" ਪੀਟੀਬੀ ਕੰਪਲੈਕਸ ਦੇ ਪਹਿਲੇ ਪੜਾਅ 'ਚ ਕਰੀਬ 21,650 ਸਕੁਏਅਰ ਮੀਟਰ ਰਕਬੇ 'ਤੇ ਏਅਰ ਕੰਡੀਸ਼ਨ ਇਮਾਰਤ ਵਿਕਸਤ ਕਰਨ ਦੀ ਤਜਵੀਜ਼



ਹੈ। ਭਵਨ ਦਾ ਡਿਜ਼ਾਈਨ 'ਖੰਡੇ' ਦੇ ਨਿਸ਼ਾਨ ਤੋਂ ਪ੍ਰੇਰਿਤ ਹੈ ਜੋ ਸਾਂਝੀਵਾਲਤਾ ਦੀ ਨੁਮਾਇੰਦਗੀ ਕਰਦਾ ਹੈ। ਇਮਾਰਤ 'ਤੇ ਭਾਰਤੀ ਸੱਭਿਆਚਾਰ ਦੇ ਅਮੀਰ ਵਿਰਸੇ ਨੂੰ ਦਰਸਾਉਂਦੀਆਂ ਮੂਰਤੀਆਂ ਅਤੇ ਤਸਵੀਰਾਂ ਲਾਈਆਂ ਜਾਣਗੀਆਂ। ਅਧਿਕਾਰੀ ਨੇ ਕਿਹਾ ਕਿ ਇਮਾਰਤ 'ਚ ਰੋਜ਼ਾਨਾ ਪੰਜ ਹਜ਼ਾਰ ਸ਼ਰਧਾਲੂਆਂ ਨੂੰ ਕਸਟਮ ਕਲੀਅਰੈਂਸ ਅਤੇ ਇਮੀਗਰੇਸ਼ਨ ਦੀ ਸਹੂਲਤ ਮੌਜੂਦ ਹੋਵੇਗੀ ਜਿਸ 'ਚ ਦੁਕਾਨਾਂ, ਸਾਮਾਨ ਰੱਖਣ ਅਤੇ ਪਾਰਕਿੰਗ ਲਈ ਖੁੱਲ੍ਹੀ ਥਾਂ ਹੋਵੇਗੀ। ਉਨ੍ਹਾਂ ਕਿਹਾ ਕਿ ਕੌਮਾਂਤਰੀ ਸਰਹੱਦ 'ਤੇ 300 ਫੁੱਟ ਉੱਚਾ ਝੜਾ ਹੋਵੇਗਾ ਜਿਸ 'ਤੇ ਤਿਰੰਗਾ ਲਹਿਰਾਇਆ ਜਾਵੇਗਾ। ਦੂਜੇ ਪੜਾਅ ਤਹਿਤ ਵਿਜ਼ੀਟਰ ਗੈਲਰੀ, ਹਸਪਤਾਲ, ਸ਼ਰਧਾਲੂਆਂ ਲਈ ਰਿਹਾਇਸ਼ ਅਤੇ ਹੋਰ ਸਹੂਲਤਾਂ ਦਾ ਵਿਸਥਾਰ ਕੀਤਾ ਜਾਵੇਗਾ। ਭਾਰਤ ਨੇ ਕਿਹਾ ਹੈ ਕਿ ਕਰਤਾਰਪੁਰ ਲਾਂਘੇ ਸਬੰਧੀ 14 ਮਾਰਚ ਨੂੰ ਹੋਣ ਵਾਲੀ ਗੱਲਬਾਤ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜੇ ਹੋਣ ਕਰਕੇ ਕੀਤੀ ਜਾ ਰਹੀ ਹੈ ਅਤੇ ਇਸ ਦਾ ਮਤਲਬ ਇਹ ਨਹੀਂ ਕਿ ਪਾਕਿਸਤਾਨ ਨਾਲ ਦੁਵੱਲੀ ਵਾਰਤਾ ਸ਼ੁਰੂ ਹੋਣ ਜਾ ਰਹੀ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਤੋਂ ਜਦੋਂ ਪਾਕਿਸਤਾਨ ਨਾਲ ਸਬੰਧਾਂ 'ਚ ਤਲਖ਼ੀ ਵਿਚਕਾਰ ਕਰਤਾਰਪੁਰ ਲਾਂਘੇ ਬਾਬਤ ਵਾਰਤਾ ਕਰਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਦਾ ਮਕਸਦ ਕਰਤਾਰਪੁਰ ਲਾਂਘੇ ਤਕ ਸੀਮਤ ਹੈ ਤਾਂ ਜੋ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਰਧਾਲੂ ਇਤਿਹਾਸਕ ਗੁਰਦੁਆਰੇ ਦੇ ਦਰਸ਼ਨ ਦੀਦਾਰੇ ਕਰ ਸਕਣ ਅਤੇ ਕਿਸੇ ਵੀ ਤਰ੍ਹਾਂ ਨਾਲ ਕੋਈ ਦੁਵੱਲੀ ਵਾਰਤਾ ਸ਼ੁਰੂ ਨਹੀਂ ਹੋਣ ਜਾ ਰਹੀ ਹੈ।

## ਕਸ਼ਮੀਰੀਆਂ ਤੇ ਸਿੱਖਾਂ ਦੀ ਭਾਰਤੀਆਂ ਨਾਲ ਹੱਥੋਪਾਈ

**ਲੰਡਨ/ਏਟੀ ਨਿਊਜ਼ :** ਲੰਡਨ ਸਥਿਤ ਭਾਰਤ ਦੇ ਦੂਤਾਵਾਸ ਬਾਹਰ ਪ੍ਰਦਰਸ਼ਨ ਕਰ ਰਹੇ ਸਿੱਖਾਂ ਅਤੇ ਕਸ਼ਮੀਰੀਆਂ ਦੀ ਭਾਰਤੀਆਂ ਨਾਲ ਹੱਥੋਪਾਈ ਹੋ ਗਈ ਜਿਸ ਦੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ। ਸਕਾਟਲੈਂਡ ਯਾਰਡ ਨੇ ਦੱਸਿਆ ਕਿ ਇਸ ਘਟਨਾ ਦੇ ਸਬੰਧ ਵਿਚ ਇਕ ਬੰਦੇ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ ਪਰ ਬਾਅਦ ਵਿਚ ਉਸਨੂੰ ਰਿਹਾਅ ਕਰ ਦਿੱਤਾ ਗਿਆ।ਪ੍ਰਾਪਤ ਜਾਣਕਾਰੀ ਮੁਤਾਬਿਕ ਸਿੱਖ ਅਤੇ ਕਸ਼ਮੀਰੀ ਪੰਜਾਬ ਅਤੇ ਕਸ਼ਮੀਰ ਵਿਚ ਭਾਰਤੀ ਕਬਜ਼ੇ ਖਿਲਾਫ ਪ੍ਰਦਰਸ਼ਨ ਕਰ ਰਹੇ ਸਨ ਅਤੇ ਭਾਰਤੀ ਸਮਰਥਕ ਇਸ ਦੇ ਵਿਰੋਧ ਵਿਚ ਮੋਦੀ ਜ਼ਿੰਦਾਬਾਦ ਵਰਗੇ ਨਾਅਰੇ ਲਾ ਰਹੇ ਸਨ। ਮੀਡੀਆ ਰਿਪੋਰਟਾਂ ਮੁਤਾਬਿਕ ਸਿੱਖਾਂ, ਓਵਰਸੀਸ ਪਾਕਿਸਤਾਨੀਜ਼ ਵੈਲਫੇਅਰ ਕਾਉਂਸਿਲ ਵਲੋਂ ਭਾਰਤ ਵਿਚ ਘੱਟਗਿਣਤੀਆਂ 'ਤੇ ਹੁੰਦੇ ਜ਼ੁਲਮਾਂ ਖਿਲਾਫ ਭਾਰਤੀ ਦੂਤਾਵਾਸ ਬਾਹਰ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ ਤਾਂ ਉੱਥੇ ਉੱਥੇ ਫਰੈਂਡਸ ਆਫ ਇੰਡੀਆ ਸੁਸਾਇਟੀ ਯੂਕੇ ਤੇ ਹੋਰ ਭਾਰਤੀ ਜਥੇਬੰਦੀਆਂ ਇਸ ਦੇ ਵਿਰੋਧ ਵਿਚ ਪ੍ਰਦਰਸ਼ਨ ਕਰਨ ਲਈ ਪਹੁੰਚ ਗਈਆਂ। ਇਸ ਦੌਰਾਨ ਇਕ ਦੂਜੇ ਵਿਰੁੱਧ ਨਾਅਰੇਬਾਜ਼ੀ ਦੇ ਚਲਦਿਆਂ ਤਲਖੀ ਵਧ ਗਈ ਤੇ ਗੱਲ ਹੱਥੋਪਾਈ ਤੱਕ ਜਾ ਪਹੁੰਚੀ। ਇਸ ਘਟਨਾ ਵਿਚ ਸਿਰਫ ਥੱਪੜ ਹੀ ਮਾਰੇ ਗਏ ਤੇ ਕਿਸੇ ਦੇ ਜ਼ਿਆਦਾ ਜ਼ਖਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਦੋਵੇਂ ਧਿਰਾਂ ਵਲੋਂ ਇਕ ਦੂਜੇ ਉੱਤੇ ਪਹਿਲ ਕਰਨ ਦਾ ਦੋਸ਼ ਲਾਇਆ ਜਾ ਰਿਹਾ ਹੈ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਫੌਜ ਦੇ ਮੋਢਿਆਂ ਤੋਂ ਵੋਟਾਂ ਨੂੰ ਨਿਸ਼ਾਨਾ ਲਾਉਣ ਦੀ ਖਤਰਨਾਕ ਖੇਡ




**ਅਰੁੰਧਤੀ ਰਾਇ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਨਾੜੀਪੁਣੇ ਕਾਰਨ ਪਾਕਿਸਤਾਨ ਦੇ ਬਾਲਾਕੋਟ ਵਿਚ ਕਾਹਲੀ ਨਾਲ ਰੱਖਿਆਤਮਕ ਏਅਰ ਸਟਰਾਈਕ ਕਰਕੇ ਉਸ ਸਭ ਕਾਸੇ 'ਤੇ ਪਾਣੀ ਫੇਰ ਦਿੱਤਾ, ਜੋ ਪਿਛਲੀਆਂ ਭਾਰਤੀ ਸਰਕਾਰਾਂ ਬੀਤੇ ਕਈ ਦਹਾਕਿਆਂ ਦੌਰਾਨ ਸੂਝ ਬੂਝ ਨਾਲ ਅਜਿਹੀ ਸਮੱਸਿਆ 'ਤੇ ਕਾਬੂ ਪਾਉਣ ਲਈ ਕਰਦੀਆਂ ਆ ਰਹੀਆਂ ਸਨ। 1947 ਦੌਰਾਨ ਹੀ ਭਾਰਤੀ ਸਰਕਾਰ ਕਸ਼ਮੀਰ ਵਿਵਾਦ 'ਤੇ ਕੌਮਾਂਤਰੀ ਵਿਚੋਲਗਿਰੀ ਦੇ ਹਰ ਸੁਝਾਅ 'ਤੇ ਪੱਲਾ ਝਾੜਦੀ ਰਹੀ ਸੀ ਕਿ ਇਹ ਸਾਡਾ ਅੰਦਰੂਨੀ ਮਾਮਲਾ ਹੈ ਤੇ ਕਿਸੇ ਨੂੰ ਵੀ ਕਸ਼ਮੀਰ ਮਸਲੇ 'ਤੇ ਦਖਲਅੰਦਾਜ਼ੀ ਦੇਣ ਦਾ ਕੋਈ ਅਧਿਕਾਰ ਨਹੀਂ। ਪਾਕਿਸਤਾਨ ਨੂੰ ਜੁਆਬੀ ਹਮਲੇ ਲਈ ਉਕਸਾ ਕੇ ਮੋਦੀ ਸਰਕਾਰ ਨੇ ਭਾਰਤ ਤੇ ਪਾਕਿਸਤਾਨ ਇਤਿਹਾਸ ਵਿਚ ਪ੍ਰਮਾਣੂ ਜੰਗ ਵਾਲੀ ਸਥਿਤੀ ਦੀ ਸੰਭਾਵਨਾ ਬਣਾ ਦਿੱਤੀ ਹੈ। ਇਕ ਦੂਸਰੇ 'ਤੇ ਹਵਾਈ ਹਮਲੇ ਕਰਨੇ ਇਕ ਤਰ੍ਹਾਂ ਨਾਲ ਪ੍ਰਮਾਣੂ ਜੰਗ ਦੀ ਸਥਿਤੀ ਪੈਦਾ ਕਰਨਾ ਹੀ ਹੈ। ਅਜਿਹਾ ਕਰਕੇ ਮੋਦੀ ਨੇ ਕਸ਼ਮੀਰ ਸਮੱਸਿਆ ਦਾ ਵੀ ਕੌਮਾਂਤਰੀਕਰਨ ਕਰ ਦਿੱਤਾ ਹੈ। ਉਨ੍ਹਾਂ ਨੇ ਸਾਰੀ ਦੁਨੀਆ ਦੇ ਸਾਹਮਣੇ ਇਹ ਦਿਖਾਇਆ ਕਿ ਕਸ਼ਮੀਰ ਇਸ ਦੁਨੀਆ ਦੀ ਸਭ ਤੋਂ ਜ਼ਿਆਦਾ ਖਤਰਨਾਕ ਜਗ੍ਹਾ ਹੈ, ਜਿੱਥੋਂ ਪ੍ਰਮਾਣੂ ਯੁੱਧ ਛਿੜ ਸਕਦਾ ਹੈ। ਇਸ ਘਟਨਾ ਕਾਰਨ ਪ੍ਰਮਾਣੂ ਯੁੱਧ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਹਰ ਕੋਈ ਚਿੰਤਤ ਹੈ ਤੇ ਇਸ ਵਿਚ ਦਖਲਅੰਦਾਜ਼ੀ ਕਰਨ ਦਾ ਹਰੇਕ ਨੂੰ ਅਧਿਕਾਰ ਹੈ ਕਿ ਉਹ ਆਪਣੀ ਸਮਰੱਥਾ ਅਨੁਸਾਰ ਇਸ ਨੂੰ ਰੋਕਣ ਦਾ ਭਰਪੂਰ ਯਤਨ ਕਰੇ।

## ਮੋਦੀ ਵੱਲੋਂ ਰਾਜਨੀਤਕ ਲਾਭ ਲੈਣ ਦੀ ਕੋਸ਼ਿਸ਼

ਪੁਲਵਾਮਾ ਹਮਲੇ ਤੋਂ ਬਾਅਦ ਜੰਮੂ ਕਸ਼ਮੀਰ ਦੇ ਰਾਜਪਾਲ ਨੇ ਇਸ ਨੂੰ ਖੁਫੀਆ ਏਜੰਸੀਆਂ ਦੀ ਅਸਫਲਤਾ ਦੱਸਿਆ। ਕੁਝ ਕੁ ਸਾਹਸੀ ਮੀਡੀਆ ਪੋਰਟਲਾਂ ਨੇ ਦੱਸਿਆ ਕਿ ਜੰਮੂ-ਕਸ਼ਮੀਰ ਪੁਲੀਸ ਨੇ ਅਸਲ ਵਿਚ ਇਸ ਸੰਭਾਵੀ ਹਮਲੇ ਨੂੰ ਲੈ ਕੇ ਡਰ ਪ੍ਰਗਟਾਇਆ ਸੀ। ਮੀਡੀਆ ਵਿਚ ਕੋਈ ਇਸ ਦੇ ਬਾਰੇ ਜ਼ਿਆਦਾ ਚਿੰਤਤ ਨਜ਼ਰ ਨਹੀਂ ਆਇਆ ਕਿ ਆਖਿਰ ਇਸ ਚਿਤਾਵਨੀ ਨੂੰ ਨਜ਼ਰਅੰਦਾਜ਼ ਕਿਉਂ ਕੀਤਾ ਗਿਆ ਤੇ ਗਲਤੀ ਕਿੱਥੇ ਹੋਈ।

- ਚੋਣ ਮੁਹਿੰਮ ਬਣੀ ਮੋਦੀ ਦੀ ਸਰਜੀਕਲ ਸਟ੍ਰਾਈਕ
- ਕਸ਼ਮੀਰ 'ਚ ਪੰਜ ਲੱਖ ਭਾਰਤੀ ਫੌਜੀ ਤਾਇਨਾਤ
- ਫੌਜੀ ਦਹਿਸ਼ਤ ਕਾਰਨ ਬਾਗੀ ਹੋ ਰਹੇ ਹਨ ਘਾਟੀ ਦੇ ਨੌਜਵਾਨ
- ਨਿਊਯਾਰਕ ਟਾਈਮਜ਼ ਤੇ ਰਾਈਟਰਜ਼ ਨੇ ਕਥਿਤ ਏਅਰ ਸਟ੍ਰਾਈਕ ਦਾ ਕੀਤਾ ਪਰਦਾਫਾਸ਼
- ਕਸ਼ਮੀਰ ਮਾਮਲੇ ਨੂੰ ਭਾਰਤ-ਪਾਕਿ ਦਾ ਯੁੱਧ ਬਣਾਉਣਾ ਮੂਰਖਤਾ

## ਪੁਲਵਾਮਾ ਹਮਲਾ ਤੇ ਕਸ਼ਮੀਰੀ ਜਿਹਾਦ

ਜ਼ਿਕਰਯੋਗ ਹੈ ਕਿ 14 ਫਰਵਰੀ 2019 ਨੂੰ ਪੁਲਵਾਮਾ ਵਿਚ ਅਰਧ ਸੈਨਿਕ ਦਸਤਿਆਂ ਦੇ 2500 ਦੇ ਇਕ ਕਾਫ਼ਲੇ 'ਤੇ ਆਦਿਲ ਅਹਿਮਦ ਡਾਰ ਨਾਮ ਦੇ 20 ਸਾਲਾਂ ਇਕ ਕਸ਼ਮੀਰੀ ਨੌਜਵਾਨ ਨੇ ਆਤਮਘਾਤੀ ਹਮਲਾ ਕੀਤਾ। ਡਾਰ ਦਾ ਸਬੰਧ ਪਾਕਿਸਤਾਨ ਦੇ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਨਾਲ ਸੀ। ਇਸ ਹਮਲੇ ਕਾਰਨ 40 ਤੋਂ ਜ਼ਿਆਦਾ ਸੁਰੱਖਿਆ ਜਵਾਨ ਮਾਰੇ ਗਏ ਜੋ ਕਿ ਕਸ਼ਮੀਰ ਦੇ ਦੁਖਾਂਤ ਦਾ ਇਕ ਹੋਰ ਭਿਆਨਕ ਅਧਿਆਇ ਹੈ। 1990 ਤੋਂ ਹੁਣ ਤੱਕ ਇਸ ਸੰਘਰਸ਼ ਵਿਚ 70 ਹਜ਼ਾਰ ਤੋਂ ਜ਼ਿਆਦਾ ਲੋਕ ਮਾਰੇ ਜਾ ਚੁੱਕੇ ਹਨ। ਹਜ਼ਾਰਾਂ ਲਾਪਤਾ ਹੋ ਚੁੱਕੇ ਹਨ। ਹਜ਼ਾਰਾਂ ਲੋਕ ਪੁਲੀਸ ਤੇ ਫੌਜੀ ਤਸ਼ੱਦਦ ਦਾ ਸ਼ਿਕਾਰ ਹੋਏ ਹਨ ਤੇ ਸੈਂਕੜੇ ਗੱਭਰੂ ਪੈਲੇਟ ਗੰਨ ਦੇ ਕਾਰਨ ਅੰਗਹੀਣ ਤੇ ਅੰਨ੍ਹੇ ਹੋ ਚੁੱਕੇ ਹਨ। ਪਿਛਲੇ ਬਾਰਾਂ ਮਹੀਨਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ ਸਾਲ 2009 ਤੋਂ ਬਾਅਦ ਸਭ ਤੋਂ ਜ਼ਿਆਦਾ ਰਹੀ ਹੈ। ਐਸੋਸੀਏਟਿਡ ਪ੍ਰੈਸ ਦੀ ਰਿਪੋਰਟ ਹੈ ਕਿ ਇਸ ਸਮੇਂ ਦੌਰਾਨ ਲਗਭਗ 570 ਲੋਕਾਂ ਨੇ ਆਪਣੀ ਜਾਨ ਗੁਆਈ ਹੈ। ਇਸ ਵਿਚ 260 ਅੱਤਵਾਦੀ, 150 ਆਮ ਨਾਗਰਿਕ ਤੇ 150 ਭਾਰਤੀ ਫੌਜੀ ਜਾਂ ਸੁਰੱਖਿਆ ਦਸਤਿਆਂ ਦੇ ਮੈਂਬਰ ਹਨ। ਜ਼ਿਆਦਾਤਰ ਕਸ਼ਮੀਰੀ ਅੱਤਵਾਦੀਆਂ ਨੂੰ ਮੁਜਾਹਿਦ ਕਹਿੰਦੇ ਹਨ ਤੇ ਜੋ ਮਾਰੇ ਜਾਂਦੇ ਹਨ, ਤਦ ਉਨ੍ਹਾਂ ਦੇ ਜਨਾਜੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਕਸ਼ਮੀਰੀ ਸ਼ਾਮਲ ਹੁੰਦੇ ਹਨ। ਹਕੀਕਤ ਹੈ ਪਿਛਲੇ ਇਕ ਸਾਲ ਵਿਚ ਮਾਰੇ ਗਏ ਕਈ ਆਮ ਨਾਗਰਿਕ ਸਨ। ਇਹ ਫੌਜੀਆਂ ਦੁਆਰਾ ਘੇਰੇ ਗਏ ਬਾਗੀਆਂ ਨੂੰ ਬਚ ਨਿਕਲਣ ਦਾ ਮੌਕਾ ਦੇਂਦੇ ਹੋਏ ਖੁਦ ਢਾਲ ਬਣ ਕੇ ਖੜੇ ਹੋਏ ਸਨ ਤੇ ਪੁਲੀਸ, ਫੌਜ ਦੀ ਗੋਲੀ ਨਾਲ ਮਾਰੇ ਗਏ।

ਕਸ਼ਮੀਰ ਦੇ ਖ਼ੂਨੀ ਇਤਿਹਾਸ ਵਿਚ ਪੁਲਵਾਮਾ ਅੱਤਵਾਦੀ ਹਮਲਾ ਸਭ ਤੋਂ ਭਿਅੰਕਰ ਹਮਲਾ ਹੈ। ਕਸ਼ਮੀਰ ਘਾਟੀ ਵਿਚ ਘੱਟ ਤੋਂ ਘੱਟ ਸੈਂਕੜੇ ਆਦਿਲ ਅਹਿਮਦ ਡਾਰ ਮੌਜੂਦ ਹਨ, ਜੋ ਯੁੱਧ ਦੇ ਮਾਹੌਲ ਵਿਚ ਪੈਦਾ ਹੋਏ ਤੇ ਐਨੀ ਦਹਿਸ਼ਤ ਦੇਖ ਕੇ ਫੌਜੀ ਡਰ ਤੋਂ ਨਿਡਰ ਹੋ ਗਏ ਤੇ ਅਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਬੈਠੇ ਹਨ। ਕਿਸੇ ਹੋਰ ਦਿਨ ਕੋਈ ਹੋਰ ਹਮਲਾ ਹੋ ਸਕਦਾ ਹੈ, ਜੋ ਪੁਲਵਾਮਾ ਹਮਲੇ ਤੋਂ ਜ਼ਿਆਦਾ ਖਤਰਨਾਕ ਹੋ ਸਕਦਾ ਹੈ। ਕੀ ਭਾਰਤ ਸਰਕਾਰ ਇਸ ਦੇਸ਼ ਤੇ ਪੂਰੇ ਉਪ ਮਹਾਂਦੀਪ ਦਾ ਭਵਿੱਖ ਇਨ੍ਹਾਂ ਨੌਜਵਾਨਾਂ ਦੇ ਹਵਾਲੇ ਕਰ ਦੇਣਾ ਚਾਹੁੰਦੀ ਹੈ? ਜਿਸ ਤਰ੍ਹਾਂ ਖਾਲੀ ਨਾਟਕੀ ਅੰਦਾਜ਼ ਵਿਚ ਨਰਿੰਦਰ ਮੋਦੀ ਨੇ ਪ੍ਰਤੀਕਰਮ ਦਿੱਤਾ ਹੈ, ਉਸ ਤੋਂ ਤਾਂ ਅਜਿਹਾ ਹੀ ਲੱਗਦਾ ਹੈ। ਉਨ੍ਹਾਂ ਨੇ ਅਸਲ ਵਿਚ ਇਨ੍ਹਾਂ ਲੜਾਕਿਆਂ ਦੇ ਹੱਥ ਵਿਚ ਸਾਡਾ ਭਵਿੱਖ ਤੈਅ ਕਰਨ ਦੀ ਤਾਕਤ ਦੇ ਦਿੱਤੀ ਹੈ।

## ਭਾਰਤ ਦਾ ਅਖੌਤੀ ਜੰਗਜੂ ਮੀਡੀਆ

ਪੁਲਵਾਮਾ ਹਮਲਾ ਭਾਵੇਂ ਦੁਖਾਂਤਕ ਹੈ, ਪਰ ਇਹ ਨਰਿੰਦਰ ਮੋਦੀ ਲਈ ਇਕ ਵਧੀਆ ਰਾਜਨੀਤਕ ਮੌਕਾ ਬਣਿਆ ਹੈ। ਸਾਡੇ ਵਿਚੋਂ ਕਈਆਂ ਨੇ ਮਹੀਨਾ ਪਹਿਲਾਂ ਇਸ ਗੱਲ ਦੀ ਚਿਤਾਵਨੀ ਦਿੱਤੀ ਸੀ ਕਿ ਰਾਜਨੀਤਕ ਜ਼ਮੀਨ ਗੁਆ ਰਹੀ ਭਾਜਪਾ ਚੋਣ ਤੋਂ ਪਹਿਲਾਂ ਅੱਗ ਵਰਸਾਏਗੀ। ਇਹ ਡਰ ਤੇ ਭਵਿੱਖਬਾਣੀ ਸੱਚ ਨਿਕਲੀ। ਅਸੀਂ ਦੇਖਿਆ ਕਿ ਸੱਤਾਧਾਰੀ ਦਲ ਨੇ ਕਿਸ ਤਰ੍ਹਾਂ ਮੀਸਣੇ ਢੰਗ ਨਾਲ ਪੁਲਵਾਮਾ ਦੇ ਦੁਖਾਂਤ ਨੂੰ ਆਪਣੇ ਤੁੱਛ ਰਾਜਨੀਤਕ ਫਾਇਦਿਆਂ ਲਈ ਇਸਤੇਮਾਲ ਕੀਤਾ ਹੈ। ਪੁਲਵਾਮਾ ਹਮਲੇ ਤੋਂ ਤੁਰੰਤ ਬਾਅਦ ਗੁੱਸੇ ਵਿਚ ਆਈ ਭੀੜ ਨੇ ਦੇਸ ਦੇ ਅਲੱਗ ਅਲੱਗ ਹਿੱਸਿਆਂ ਵਿਚ ਕਸ਼ਮੀਰੀਆਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਮੋਦੀ ਇਸ 'ਤੇ ਤਦ ਤੱਕ ਚੁੱਪ ਧਾਰਨ ਕਰੀ ਬੈਠੇ ਰਹੇ, ਜਦ ਤੱਕ ਸੁਪਰੀਮ ਕੋਰਟ ਨੇ ਨਹੀਂ ਕਹਿ ਦਿੱਤਾ ਕਿ ਕਸ਼ਮੀਰੀਆਂ ਦੀ ਸੁਰੱਖਿਆ ਕਰਨਾ ਸਰਕਾਰ ਦਾ ਅਧਿਕਾਰ ਹੈ। ਪਰ ਏਅਰ ਸਟ੍ਰਾਈਕ ਦੇ ਤੁਰੰਤ ਬਾਅਦ ਟੀਵੀ 'ਤੇ ਆ ਕੇ ਇਸ ਦਾ ਸਿਹਰਾ ਲੈਣ ਵਿਚ ਮੋਦੀ ਨੇ ਕੋਈ ਦੇਰ ਨਹੀਂ ਕੀਤੀ। ਪ੍ਰਧਾਨ ਮੰਤਰੀ ਮੋਦੀ ਦੇ ਹਾਵ ਭਾਵ ਤੋਂ ਇੰਝ ਜਾਪਦਾ ਸੀ ਕਿ ਜਿਵੇਂ ਉਹ ਖੁਦ ਜਾ ਕੇ ਜਹਾਜ਼ ਰਾਹੀਂ ਬੰਬ ਡੇਗ ਕੇ ਆਏ ਹੋਣ। ਭਾਰਤੀ ਟੀਵੀ ਚੈਨਲ ਬਿਨਾ ਝਿਜਕ ਦੇ ਪੱਖਪਾਤੀ ਹਨ ਤੇ ਉਨ੍ਹਾਂ ਨੇ ਆਪਣੇ ਨਿੱਜੀ ਇਨਪੁੱਟ ਦੇ ਨਾਲ ਇਸ ਸਾਰੀ ਸਥਿਤੀ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਪੁਰਾਣੇ ਵੀਡੀਓ ਤੇ ਫਰਜ਼ੀ ਤੱਥਾਂ ਦੇ ਨਾਲ ਚੀਕਦੇ ਐਂਕਰਾਂ ਨੇ ਖੁਦ ਨੂੰ ਸੀਮਾ 'ਤੇ ਖੜੇ ਕਮਾਂਡੋ ਸਮਝਦੇ ਹੋਏ ਜਨੂੰਨੀ ਰਾਸ਼ਟਰਵਾਦ ਦਾ ਅਜਿਹਾ ਮਾਹੌਲ ਸਿਰਜ ਦਿੱਤਾ, ਜਿੱਥੇ ਉਨ੍ਹਾਂ ਨੇ ਏਅਰ ਸਟ੍ਰਾਈਕ ਵਿਚ ਜੈਸ਼-ਏ-ਮੁਹੰਮਦ ਦੀ ਟੈਰਰ ਫੈਕਟਰੀ ਨੂੰ ਤਬਾਹ ਕਰਨ ਤੇ 300 ਅੱਤਵਾਦੀਆਂ ਦੀ ਮੌਤ ਹੋਣ ਦਾ ਦਾਅਵਾ ਕੀਤਾ। ਅਗਲੀ ਸਵੇਰ ਅਖ਼ਬਾਰ, ਜਿਸ ਵਿਚ ਸਭ ਤੋਂ ਸੰਜੀਦਾ ਮੰਨੇ ਜਾਣ ਵਾਲੇ ਅਖ਼ਬਾਰ ਵੀ ਸ਼ਾਮਲ ਸਨ, ਅਜਿਹੀਆਂ ਹਾਸੋਹੀਣੀਆਂ ਸ਼ਰਮਨਾਕ ਟਿੱਪਣੀਆਂ ਨਾਲ ਭਰੇ ਹੋਏ ਸਨ। ਇੰਡੀਅਨ ਐਕਸਪ੍ਰੈਸ ਨੇ ਲਿਖਿਆ, 'ਪਾਕਿਸਤਾਨ ਵਿਚ ਘੁਸ ਕੇ ਭਾਰਤ ਦਾ ਅੱਤਵਾਦੀਆਂ 'ਤੇ ਹਮਲਾ', ਇੰਡੀਆ ਸਟ੍ਰਾਈਕ ਟੈਰਰ ਡੀਪ ਇਨ ਪਾਕਿਸਤਾਨ। ਇਸ ਦੌਰਾਨ ਰਾਈਟਰਜ਼, ਜਿਸ ਨੇ ਆਪਣੇ ਇਕ ਅਖ਼ਬਾਰ ਨੂੰ ਪਾਕਿਸਤਾਨ ਵਿਚ ਇਸ ਜਗ੍ਹਾ ਭੇਜਿਆ ਸੀ, ਜਿੱਥੇ ਅਸਲ ਵਿਚ ਬੰਬਾਰੀ ਹੋਈ ਸੀ, ਨੇ ਖ਼ਬਰ ਦਿੱਤੀ ਕਿ ਕੇਵਲ ਦਰੱਖਤਾਂ ਤੇ ਚੱਟਾਨਾਂ ਨੂੰ ਨੁਕਸਾਨ ਪਹੁੰਚਿਆ ਹੈ ਤੇ ਇਕ ਪੇਂਡੂ ਜਖ਼ਮੀ ਹੋਇਆ ਹੈ। ਐਸੋਸੀਏਟਿਡ ਪ੍ਰੈਸ ਨੇ ਵੀ ਇਸ ਤਰ੍ਹਾਂ ਦੀ ਹੀ ਖ਼ਬਰ ਦਿੱਤੀ। ਨਿਊਯਾਰਕ ਟਾਈਮਜ਼ ਨੇ ਲਿਖਿਆ, 'ਨਵੀਂ ਦਿੱਲੀ ਦੇ ਮਾਹਿਰਾਂ, ਵਿਸ਼ਲੇਸ਼ਕਾਂ ਤੇ ਰਾਜਨੀਤਕਾਂ ਨੇ ਦੱਸਿਆ ਕਿ ਭਾਰਤੀ ਏਅਰ ਸਟ੍ਰਾਈਕ ਦੇ ਨਿਸ਼ਾਨੇ ਅਸਪੱਸ਼ਟ ਸਨ, ਕਿਉਂਕਿ ਸੀਮਾ ਦੇ ਨੇੜੇ ਕੰਮ ਕਰਨ ਵਾਲੇ ਅੱਤਵਾਦੀ ਗਿਰੋਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਸ਼ਮੀਰ ਹਮਲੇ ਦਾ ਬਦਲਾ ਲੈਣ ਦੇ ਪ੍ਰਣ ਬਾਅਦ ਉਥੋਂ ਹਟ ਗਏ ਹੋਣਗੇ। ਭਾਰਤ ਦੀ ਮੁੱਖ ਧਾਰਾ ਮੀਡੀਆ ਨੇ ਰਾਈਟਰਜ਼ ਦੀ ਰਿਪੋਰਟ ਨੂੰ ਕੋਈ ਜਗ੍ਹਾ ਨਹੀਂ ਦਿੱਤੀ।

## ਸਰਜੀਕਲ ਸਟਰਾਈਕ ਦਾ ਕੀ ਲਾਭ

ਕਸ਼ਮੀਰ ਵਿਚ ਜਾਰੀ ਹਥਿਆਰਬੰਦ ਯੁੱਧ, ਜਿਸ ਨੂੰ ਲੋਕ ਭਾਰਤੀ ਸਟੇਟ ਖਿਲਾਫ਼ ਸੰਘਰਸ਼ ਮੰਨਦੇ ਹਨ, ਨੂੰ ਲਗਭਗ 30 ਸਾਲ ਹੋ ਚੁੱਕੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਾਕਿਸਤਾਨ ਇਸ ਸੰਘਰਸ਼ ਨੂੰ ਹਥਿਆਰ, ਲੋਕ ਤੇ ਹੋਰ ਸਮਾਨ ਮੁਹੱਈਆ ਕਰਾਉਣ ਲਈ ਸਮਰਥਨ ਦਿੰਦਾ ਰਿਹਾ ਹੈ। ਪਰ ਸੱਚ ਇਹ ਵੀ ਹੈ ਕਿ ਕਸ਼ਮੀਰ ਵਰਗਾ ਸੰਘਰਸ਼ ਉਹ ਕਰਨ ਵਿਚ ਤਾਂ ਹੀ ਸਫ਼ਲ ਹਨ, ਕਿਉਂਕਿ ਉਨ੍ਹਾਂ ਨੂੰ ਸਥਾਨਕ ਲੋਕਾਂ ਦਾ ਸਹਿਯੋਗ ਮਿਲ ਰਿਹਾ ਹੈ। ਸੁਆਲ ਇਹ ਹੈ ਕਿ ਇਸ ਜਟਿਲ ਨਰਕ ਭਰਪੂਰ ਲੜਾਈ ਨੂੰ ਸ਼ਾਂਤ ਜਾਂ ਹੱਲ ਕਰਨ ਦਾ ਹੱਲ ਜਲਦਬਾਜ਼ੀ ਵਿਚ ਕੀਤੀ ਗਈ ਇਕ ਨਾਟਕੀ ਸਰਜੀਕਲ ਸਟ੍ਰਾਈਕ ਹੈ? ਕੀ ਇਹ ਸਰਜੀਕਲ ਅੱਤਵਾਦ ਨੂੰ ਕਾਬੂ ਪਾਉਣ ਵਿਚ ਲਾਭਦਾਇਕ ਸਿੱਧ ਹੋਵੇਗੀ? ਮੈਨੂੰ ਅਜਿਹਾ ਨਹੀਂ ਜਾਪਦਾ।

2016 ਦੌਰਾਨ ਭਾਰਤੀ ਫੌਜ ਦੇ ਕੈਂਪ 'ਤੇ ਹਮਲੇ ਬਾਅਦ ਇਸੇ ਤਰ੍ਹਾਂ ਇਕ ਸਟ੍ਰਾਈਕ ਹੋਈ, ਜਿਸ ਦਾ ਨਤੀਜਾ ਇਕ ਬਾਲੀਵੁੱਡ ਐਕਸ਼ਨ ਫ਼ਿਲਮ ਤੋਂ ਥੋੜ੍ਹਾ ਜ਼ਿਆਦਾ ਨਿਕਲਿਆ। ਬਾਲਾਕੋਟ ਸਟ੍ਰਾਈਕ ਇਸ ਫ਼ਿਲਮ ਤੋਂ ਪ੍ਰੇਰਿਤ ਲਗਦੀ ਹੈ। ਹੁਣ ਮੀਡੀਆ ਵਿਚ ਇਹ ਖਬਰਾਂ ਆ ਰਹੀਆਂ ਹਨ ਕਿ ਬਾਲੀਵੁੱਡ ਫ਼ਿਲਮ ਨਿਰਮਾਤਾਵਾਂ ਨੇ ਅਗਲੀ ਫ਼ਿਲਮ ਲਈ ਬਾਲਾਕੋਟ ਨਾਂ ਦਾ ਕਾਪੀਰਾਈਟ ਪਾਉਣ ਲਈ ਲਾਇਨ ਲਗਾਉਣੀ ਸ਼ੁਰੂ ਕਰ ਦਿੱਤੀ ਹੈ। ਕੁੱਲ ਮਿਲਾ ਕੇ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਬੇਤੁਕੀ ਮੁਹਿੰਮ ਭਾਰਤੀ ਸੁਰੱਖਿਆ ਦੀ ਬਜਾਏ ਚੋਣ ਮੁਹਿੰਮ ਨਜ਼ਰ ਆ ਰਹੀ ਹੈ। ਕਿਸੇ ਦੇਸ਼ ਦੇ ਪ੍ਰਧਾਨ ਮੰਤਰੀ ਦਾ ਆਪਣੀ ਤਾਕਤਵਰ ਹਵਾਈ ਸੈਨਾ ਨੂੰ ਇਕ ਖਤਰਨਾਕ ਨਾਟਕੀ ਮੁਹਿੰਮ ਵਿਚ ਉਤਰਨ ਲਈ ਮਜਬੂਰ ਕਰਨਾ ਗੰਭੀਰ ਤੌਰ 'ਤੇ ਖਤਰਨਾਕ ਹੈ। ਇਹ ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਸਾਡੇ ਆਪਣੇ ਉਪ ਮਹਾਂਦੀਪ ਵਿਚ ਗੈਰ ਜ਼ਿੰਮੇਵਾਰਾਨਾ ਪ੍ਰਮਾਣੂ ਟਕਰਾਅ ਦਾ ਇਹ ਨਾਟਕੀ ਖੇਡ ਚੱਲ ਰਿਹਾ ਹੈ ਤੇ ਦੂਸਰੇ ਪਾਸੇ ਸ਼ਕਤੀਸ਼ਾਲੀ ਸੰਯੁਕਤ ਰਾਸ਼ਟਰ ਅਮਰੀਕਾ ਨੇ ਉਸ ਕਥਿਤ ਅੱਤਵਾਦੀ ਜਮਾਤ ਤਾਲਿਬਾਨ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ, ਜਿਸ ਨੂੰ ਉਹ 17 ਸਾਲਾਂ ਦੀ ਸਿੱਧੀ ਜੰਗ ਦੇ ਬਾਵਜੂਦ ਹਰਾਉਣ ਤੇ ਡੇਗਣ ਵਿਚ ਨਾਕਾਮ ਰਿਹਾ ਹੈ।

## ਮੋਦੀ ਦੀ ਮੁਹਿੰਮ ਫਿੱਕੀ ਪਈ

ਭਾਰਤ ਦੇ ਵੋਟਰ ਜੋ ਨਿਊਯਾਰਕ ਟਾਈਮਜ਼ ਨਹੀਂ ਪੜ੍ਹਦੇ, ਉਹ ਭਾਰਤੀ ਮੀਡੀਆ ਤੋਂ ਪ੍ਰਭਾਵਿਤ ਹਨ। ਉਨ੍ਹਾਂ ਲਈ 56 ਇੰਚ ਦੇ ਸੀਨੇ ਵਾਲੇ ਪ੍ਰਧਾਨ ਮੰਤਰੀ ਨੇ ਅੱਤਵਾਦ ਨੂੰ ਹਮੇਸ਼ਾ ਦੇ ਲਈ ਤਬਾਹ ਕਰ ਦਿੱਤਾ। ਇਸ ਦੌਰਾਨ ਮੋਦੀ ਤੇ ਉਸ ਦੇ ਸਾਥੀ ਚੋਣ ਮੁਹਿੰਮ ਵਿਚ ਨਿਕਲ ਗਏ। ਕੋਈ ਰਾਜਨੀਤਕ ਪਾਰਟੀ ਇਸ 'ਤੇ ਉਸਾਰੂ ਟਿੱਪਣੀ ਨਾ ਕਰ ਸਕੀ। ਸ਼ਾਇਦ ਉਹ ਐਂਟੀ ਨੈਸ਼ਨਲ ਹੋਣ ਦਾ ਡਰ ਝੱਲ ਰਹੀਆਂ ਸਨ ਜਾਂ ਹਿੰਦੂਤਵ ਟ੍ਰੋਲਰਸ ਦੇ ਡਰ ਨਾਲ ਘਬਰਾਈਆਂ ਹੋਈਆਂ ਸਨ। ਇਸ ਝੂਠੀ ਜਿੱਤ ਦੀ ਚਮਕ ਉਸ ਵਕਤ ਫਿੱਕੀ ਪੈ ਗਈ, ਜਦ ਪਾਕਿਸਤਾਨ ਨੇ ਜੁਆਬੀ ਹਮਲਾ ਕੀਤਾ, ਇਕ ਲੜਾਕੂ ਜਹਾਜ਼ ਨੂੰ ਡੇਗ ਦਿੱਤਾ ਤੇ ਭਾਰਤੀ ਹਵਾਈ ਸੈਨਾ ਦੇ ਪਾਇਲਟ ਵਿੰਗ ਕਮਾਂਡਰ ਅਭਿਨੰਦਨ ਵਰਦਮਾਨ ਨੂੰ ਹਿਰਾਸਤ ਵਿਚ ਲੈ ਲਿਆ। ਇਕ ਵਾਰ ਫਿਰ ਭਾਜਪਾ ਦੀ ਹਾਲਤ ਡਾਵਾਂਡੋਲ ਹੋ ਗਈ। ਉਨ੍ਹਾਂ ਨੂੰ ਚੁਣਾਵੀ ਸੰਭਾਵਨਾਵਾਂ ਸਪੱਸ਼ਟ ਤੌਰ 'ਤੇ ਕਮਜ਼ੋਰ ਨਜ਼ਰ ਆਉਣ ਲੱਗ ਪਈਆਂ।

ਚੁਣਾਵੀ ਰਾਜਨੀਤੀ ਦੇ ਕਾਰੋਬਾਰ ਤੇ ਅਗਲੀ ਚੋਣ ਕੌਣ ਜਿੱਤੇਗਾ, ਤੋਂ ਅਸੀਂ ਕਿਨਾਰਾ ਕਰਦੇ ਹੋਏ ਕਹਿਣਾ ਚਾਹਾਂਗੇ ਕਿ ਮੋਦੀ ਦੀ ਇਹ ਨੀਤੀ ਮਾਫੀ ਦੇ ਲਾਇਕ ਨਹੀਂ ਹੈ। ਉਸ ਨੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਨੂੰ ਖਤਰੇ ਵਿਚ ਪਾਇਆ ਹੈ ਤੇ ਕਸ਼ਮੀਰ ਦੇ ਸੰਘਰਸ਼ ਨੂੰ ਆਮ ਭਾਰਤੀਆਂ ਦੀ ਦਹਿਲੀਜ਼ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਟੀਵੀ 'ਤੇ ਦਿਨ ਰਾਤ ਚੱਲ ਰਿਹਾ ਪਾਗਲਪਣ ਮਰੀਜ਼ ਨੂੰ ਚੜ੍ਹਾਏ ਜਾ ਰਹੇ ਗੁਲੂਕੋਜ਼ ਦੀ ਤਰ੍ਹਾਂ ਲੋਕਾਂ ਦੀਆਂ ਰਗਾਂ ਵਿਚ ਉਤਾਰਿਆ ਜਾ ਰਿਹਾ ਹੈ। ਲੋਕਾਂ ਨੂੰ ਕਿਹਾ ਜਾ ਰਿਹਾ ਹੈ ਕਿ ਆਪਣੇ ਦੁੱਖ ਦਰਦ, ਬੇਰੁਜ਼ਗਾਰੀ, ਭੁੱਖ, ਉਜੜਦੇ ਛੋਟੇ ਵਪਾਰ, ਜੱਜਾਂ ਦੀ ਰਹੱਸਮਈ ਮੌਤ, ਭਾਰਤੀ ਇਤਿਹਾਸ ਦੇ ਸਭ ਤੋਂ ਵੱਡੇ ਭ੍ਰਿਸ਼ਟ ਦਿਖਣ ਵਾਲੇ ਰੱਖਿਆ ਸੌਦੇ ਦੀ ਜਾਂਚ ਦੀ ਮੰਗ ਭੁੱਲ ਜਾਣ। ਮੋਦੀ ਸਰਕਾਰ ਨੇ ਭਾਰਤ ਦੀ ਰੂਹ ਨੂੰ ਡੂੰਘਾ ਨੁਕਸਾਨ ਪਹੁੰਚਾਇਆ ਹੈ। ਇਸ ਨੂੰ ਭਰਨ ਵਿਚ ਕਈ ਸਾਲ ਲੱਗਣਗੇ। ਇਸ ਲਈ ਜ਼ਰੂਰੀ ਹੈ ਕਿ ਅਸੀਂ ਖਤਰਨਾਕ ਪ੍ਰਦਰਸ਼ਨ ਕਰਨ ਵਾਲੇ ਚੰਦਰਿਆਂ ਨੂੰ ਸੱਤਾ ਵਿਚੋਂ ਕੱਢਣ ਲਈ ਵੋਟ ਕਰੀਏ। ਅਸੀਂ ਅਜਿਹੇ ਪ੍ਰਧਾਨ ਮੰਤਰੀ ਨੂੰ ਬਰਦਾਸ਼ਤ ਨਹੀਂ ਕਰ ਸਕਦੇ, ਜਿਸ ਨੇ ਆਪਣੀ ਨਿੱਜੀ ਸਿਆਸਤ ਲਈ ਰਾਤੋ ਰਾਤ ਬਿਨਾ ਕਿਸੇ ਸਲਾਹ ਦੇ ਦੇਸ਼ ਦੀ 80 ਫੀਸਦੀ ਕਰੰਸੀ ਨੂੰ ਨਜਾਇਜ਼ ਐਲਾਨਦੇ ਹੋਏ ਕਰੋੜਾਂ ਦੀ ਅਬਾਦੀ ਵਾਲੇ ਦੇਸ਼ ਦੀ ਅਰਥ ਵਿਵਸਥਾ ਦੀ ਕਮਰ ਤੋੜ ਦਿੱਤੀ ਹੋਵੇ। ਕੀ ਇਤਿਹਾਸ ਵਿਚ ਕਦੇ ਕਿਸੇ ਨੇ ਅਜਿਹਾ ਦੇਖਿਆ ਹੈ? ਅਸੀਂ ਇਕ ਪ੍ਰਮਾਣੂ ਸ਼ਕਤੀ ਸੰਪੰਨ ਦੇਸ਼ ਵਿਚ ਅਜਿਹਾ ਪ੍ਰਧਾਨ ਮੰਤਰੀ ਬਰਦਾਸ਼ਤ ਨਹੀਂ ਕਰ ਸਕਦੇ, ਜੋ ਦੇਸ਼ ਵਿਚ ਸੰਕਟ ਦੀ ਘੜੀ ਆਉਣ 'ਤੇ ਕਿਸੇ ਨੈਸ਼ਨਲ ਪਾਰਕ ਵਿਚ ਆਪਣੇ ਉੱਪਰ ਬਣਨ ਵਾਲੀ ਫ਼ਿਲਮ ਦੀ ਸ਼ੂਟਿੰਗ ਵਿਚ ਮਗਨ ਰਹੇ ਤੇ ਫਿਰ ਹੋਛੇਪਣ ਨਾਲ ਐਲਾਨ ਕਰ ਦੇਵੇ ਕਿ ਅੱਗੇ ਕੀ ਕੀਤਾ ਜਾਵੇ—ਇਹ ਫੈਸਲਾ ਉਸ ਨੇ ਫੌਜ 'ਤੇ ਛੱਡ ਦਿੱਤਾ ਹੈ। ਕਿਸ ਲੋਕਤੰਤਰਿਕ ਦੇਸ਼ ਵਿਚ ਕਿਸੇ ਚੁਣੇ ਹੋਏ ਨੇਤਾ ਨੇ ਅਜਿਹਾ ਕੀਤਾ ਹੈ। ਮੋਦੀ ਨੂੰ ਜਾਣਾ ਹੋਵੇਗਾ। ਉਸ ਦੀ ਜਗ੍ਹਾ ਆ ਸਕਣ ਵਾਲੀ ਝਗੜਾਲੂ, ਵੰਡੀ, ਅਸਥਿਰ ਗਠਜੋੜ ਦੀ ਸਰਕਾਰ ਸਮੱਸਿਆ ਨਹੀਂ, ਲੋਕਤੰਤਰ ਦਾ ਸਾਰ ਇਹੀ ਤਾਂ ਹੈ ਕਿ ਇਹ ਸਰਕਾਰ ਮੋਦੀ ਸਰਕਾਰ ਨਾਲੋਂ ਕਿਤੇ ਜ਼ਿਆਦਾ ਸਮਝਦਾਰ ਤੇ ਘੱਟ ਮੂਰਖ ਹੋਵੇਗੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਬਾਰੇ ਕਿਸੇ ਦੀ ਵੀ ਜੋ ਵੀ ਰਾਇ ਹੋਵੇ ਤੇ ਕਸ਼ਮੀਰ ਦੇ ਸੰਘਰਸ਼ ਵਿਚ ਪਾਕਿਸਤਾਨ ਦੀ ਜੋ ਵੀ ਭੂਮਿਕਾ ਰਹੀ ਹੋਵੇ, ਪਰ ਉਨ੍ਹਾਂ ਨੇ ਇਸ ਪੂਰੇ ਸੰਕਟ ਦੌਰਾਨ ਸਾਦਗੀ ਤੇ ਸ਼ਾਂਤੀ ਦਾ ਸੁਨੇਹਾ ਦਿੱਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਹੁਣੇ ਜਿਹੇ ਵਿੰਗ ਕਮਾਂਡਰ ਨੂੰ ਰਿਹਾਅ ਕਰ ਦਿੱਤਾ ਹੈ। ਜਿਸ ਯੁੱਧ ਦੇ ਵਿਚਾਲੇ ਅਸੀਂ ਲੋਕ ਹਾਂ, ਉਹ ਭਾਰਤ-ਪਾਕਿ ਦੀ ਜੰਗ ਨਹੀਂ ਹੈ। ਇਹ ਇਕ ਅਜਿਹੀ ਲੜਾਈ ਹੈ, ਜੋ ਕਸ਼ਮੀਰ ਵਿਚ ਲੜੀ ਜਾ ਰਹੀ ਹੈ ਤੇ ਹੁਣ ਵਧ ਕੇ ਭਾਰਤ-ਪਾਕਿ ਦੇ ਵਿਚਾਲੇ ਦੂਸਰੀ ਜੰਗ ਦੀ ਸ਼ੁਰੂਆਤ ਬਣ ਗਈ ਹੈ। ਕਸ਼ਮੀਰ ਨਾ ਬਿਆਨ ਕੀਤੀ ਜਾ ਸਕਣ ਵਾਲੀ ਹਿੰਸਾ ਤੇ ਡਿੱਗਦੀ ਰਾਜਨੀਤਕ ਨੈਤਿਕਤਾ ਦਾ ਅਜਿਹਾ ਮੰਚ ਹੈ, ਜਿਥੋਂ ਸਾਨੂੰ ਕਿਸੇ ਵੀ ਪਲ ਹਿੰਸਾ ਤੇ ਪ੍ਰਮਾਣੂ ਯੁੱਧ ਵੱਲ ਧਕੇਲਿਆ ਜਾ ਸਕਦਾ ਹੈ। ਅਜਿਹਾ ਹੋਣ ਤੋਂ ਰੋਕਣ ਲਈ ਕਸ਼ਮੀਰ ਦੇ ਸੰਘਰਸ਼ 'ਤੇ ਗੱਲ ਕਰਦੇ ਹੋਏ ਇਸ ਦਾ ਹੱਲ ਕੱਢਣ ਦੀ ਜ਼ਰੂਰਤ ਹੈ। ਇਹ ਤਦ ਹੀ ਹੋ ਸਕਦਾ ਹੈ ਜਦ ਕਸ਼ਮੀਰੀਆਂ ਨੂੰ ਅਜ਼ਾਦੀ ਨਾਲ ਬਿਨਾ ਕਿਸੇ ਡਰ ਦੇ ਇਹ ਦੱਸਣ ਦਾ ਮੌਕਾ ਦਿੱਤਾ ਜਾਵੇ ਕਿ ਉਹ ਕਿਸ ਲਈ ਲੜ ਰਹੇ ਹਨ ਤੇ ਕੀ ਚਾਹੁੰਦੇ ਹਨ।

# ਪਾਕਿਸਤਾਨੀ ਫੌਜ ਨੇ ਪਹਿਲਾਂ ਵੀ ਫੜੇ ਹਨ ਭਾਰਤੀ ਪਾਇਲਟ

- **ਗ੍ਰਿਫ਼ਤਾਰ ਪਾਇਲਟਾਂ ਉਤੇ ਅਕਸਰ ਹੁੰਦਾ ਹੈ ਤਸ਼ੱਦਦ**
- **ਕਈ ਭਾਰਤੀ ਫੌਜੀ ਅੱਜ ਵੀ ਕੈਦ ਹਨ ਪਾਕਿ ਦੀਆਂ ਜੇਲ੍ਹਾਂ ’ਚ**


ਏਅਰ ਮਾਰਸ਼ਲ ਕਰੀਅੱਪਾ


ਏਅਰ ਕੌਮੋਡੋਰ ਜੇ.ਐਲ. ਭਾਰਗਵ


ਜਲ ਸੈਨਾ ਅਧਿਕਾਰੀ ਕੁਲਭੂਸ਼ਣ ਯਾਦਵ

1965,1971 ਤੇ 1999 ਦੀ ਕਾਰਗਿਲ ਜੰਗਾਂ ਵਿਚ ਜਦੋਂ ਵੀ ਭਾਰਤ ਨੇ ਪਾਕਿ ’ਤੇ ਹਵਾਈ ਹਮਲੇ ਕੀਤੇ, ਉਸ ਦੌਰਾਨ ਕਈ ਭਾਰਤੀ ਪਾਇਲਟ ਪਾਕਿਸਤਾਨੀ ਫੌਜ ਦੇ ਕਬਜ਼ੇ ਵਿੱਚ ਆਉਂਦੇ ਰਹੇ ਹਨ। ਸੰਨ 1965 ਦੀ ਜੰਗ ਵੇਲੇ ਪਾਕਿ ਦੇ ਕਬਜੇ ਆਏ ਭਾਰਤੀ ਏਅਰ ਮਾਰਸ਼ਲ ਕਰੀਅੱਪਾ ਨੂੰ, ਜਿਨ੍ਹਾਂ ਦਾ ਜਹਾਜ਼ ਕ੍ਰੈਸ਼ ਹੋ ਕੇ ਪਾਕਿ ਵਿਚ ਜਾ ਡਿੱਗਾ ਸੀ, ਨੂੰ 4 ਮਹੀਨੇ ਪਾਕਿਸਤਾਨ ਦੀ ਕੈਦ ਅੰਦਰ ਫੌਜੀ ਤਸ਼ਦੱਦ ਸਹਿਣਾ ਪਿਆ। ਕਰੀਅੱਪਾ ਕਹਿੰਦੇ ਹਨ ਕਿ ਅਭਿਨੰਦਨ ਦੇ ਮਾਮਲੇ ਵਿੱਚ ਮੀਡੀਆ ਅਤੇ ਸੋਸ਼ਲ ਮੀਡੀਆ ਦਾ ਰੋਲ ਬੇਹੱਦ ਖ਼ਰਾਬ ਰਿਹਾ। ਜਿਸ ਵੇਲੇ ਪਾਕਿ ਫੌਜ ਨੂੰ ਸਾਡਾ ਪਾਇਲਟ ਕੁਝ ਵੀ ਦੱਸਣ ਤੋਂ ਇਨਕਾਰੀ ਸੀ ਉਸ ਵੇਲੇ ਸਾਡਾ ਮੀਡੀਆ ਅਭਿਨੰਦਨ ਦੇ ਘਰ ਦੇ ਬਾਹਰ ਖੜ੍ਹਾ ਉਨ੍ਹਾਂ ਦੇ ਪਰਿਵਾਰ ਦਾ ਵੇਰਵਾ ਦੇ ਰਿਹਾ ਸੀ ਕਿ ਕਿਹੜੇ ਜਹਾਜ਼ ਰਾਹੀਂ ਅਭਿਨੰਦਨ ਕਿਹੜੇ ਮਿਸ਼ਨ ’ਤੇ ਨਿਕਲਿਆ ਸੀ ?

ਕਰੀਅੱਪਾ ਕਹਿੰਦੇ ਹਨ ਕਿ ਚੰਗਾ ਹੋਇਆ ਕਿ ਉਸ ਵੇਲੇ ਸੋਸ਼ਲ ਮੀਡੀਆ ਨਹੀਂ ਸੀ ਜਦੋਂ ਉਨ੍ਹਾਂ ਨੇ ਜੰਗ ਲੜੀ ਸੀ, ਕਿਉਂਕਿ ਇਸ ਦਾ ਅਸਰ ਜਵਾਨ ਅਤੇ ਉਸ ਦੇ ਪਰਿਵਾਰ ’ਤੇ ਖਤਰਨਾਕ ਪੈਂਦਾ ਹੈ। ਇਸੇ ਤਰ੍ਹਾਂ ਦੀ ਇੱਕ ਹੋਰ ਘਟਨਾ ਸੰਨ 1971 ਵਿੱਚ ਉਦੋਂ ਵਾਪਰੀ ਸੀ ਜਦੋਂ ਭਾਰਤੀ ਪਾਇਲਟ ਕੈਪਟਨ ਵਜੇਂਦਰ ਸਿੰਘ ਗਰੁੰਗ ਪਾਕਿਸਤਾਨੀ ਸੈਨਾ ਦੇ ਕਬਜ਼ੇ ਵਿੱਚ ਆ ਗਿਆ ਸੀ। ਉਸ ਨੂੰ ਇੱਕ ਸਾਲ ਇੱਕ ਮਹੀਨਾ ਤੱਕ ਰਿਹਾਅ ਨਹੀਂ ਕੀਤਾ ਗਿਆ ਸੀ। ਇਸ ਦੌਰਾਨ ਭਾਰਤੀ ਫੌਜ ਦੇ ਰਾਜ਼ ਜਾਣਨ ਲਈ ਪਾਕਿਸਤਾਨੀ ਫੌਜ ਨੇ ਉਨ੍ਹਾਂ ਨੂੰ ਕਈ ਤਸੀਹੇ ਦਿੱਤੇ।

5 ਦਸੰਬਰ 1971 ਨੂੰ ਭਾਰਤੀ ਏਅਰ ਕੌਮੋਡੋਰ ਜੇ.ਐਲ. ਭਾਰਗਵ ਦਾ ਜਹਾਜ ਕ੍ਰੈਸ਼ ਹੋ ਗਿਆ ਤੇ ਉਹ ਪੈਰਾਸ਼ੂਟ ਰਾਹੀਂ ਪਾਕਿਸਤਾਨ ਵਾਲੇ ਪਾਸੇ ਜਾ ਡਿੱਗੇ। ਇੱਕ ਵਾਰ ਤਾਂ ਉਹ ਸਾਰਿਆਂ ਦੀ ਨਜ਼ਰ ਤੋਂ ਬਚ ਗਏ ਤੇ ਆਪਣਾ ਨਾਂ ਮਨਸੂਰ ਅਲੀ ਦੱਸ ਕੇ ਭਾਰਗਵ ਨੇ ਇੱਕ ਝੌਂਪੜੀ ਵਿਚੋਂ ਪਾਣੀ ਵੀ ਪੀਤਾ ਤੇ ਉੱਥੇ ਕੁਝ ਦੇਰ ਅਰਾਮ ਕਰਨ ਤੋਂ ਬਾਅਦ ਕੁਝ ਰਾਹਗੀਰ ਉਨ੍ਹਾਂ ਨੂੰ ਪਾਕਿਸਤਾਨੀ ਸਮਝ ਨਾਲ ਲੈ ਤੁਰੇ। ਅੱਗੇ ਚੱਲ ਕੇ ਉੱਥੋਂ ਦੇ ਇੱਕ ਸਕੂਲ ਹੈੱਡਮਾਸਟਰ ਨੂੰ ਭਾਰਗਵ ’ਤੇ ਸ਼ੱਕ ਹੋਇਆ ਤੇ ਪੁੱਛਗਿੱਛ ਦੌਰਾਨ ਭਾਰਗਵ ਨੇ ਆਪਣੀ ਰਿਹਾਇਸ਼ ਰਾਵਲਪਿੰਡੀ ਦੇ ਮਾਲ ਰੋਡ ਵਿਖੇ ਦੱਸੀ। ਬਾਅਦ ਵਿੱਚ ਉਨ੍ਹਾਂ ਲੋਕਾਂ ਨੇ ਭਾਰਗਵ ਨੂੰ ਪਾਕਿਸਤਾਨੀ ਰੇਂਜਰਾਂ ਦੇ ਹਵਾਲੇ ਕਰ ਦਿੱਤਾ, ਜਿਨ੍ਹਾਂ ਵੱਲੋਂ ਕਲਮਾ ਪੜ੍ਹ ਕੇ ਸੁਣਾਉਣ ਦਾ ਸਵਾਲ ਕਰਨ ’ਤੇ ਉਹ ਫੜੇ ਗਏ। ਉਸ ਮਗਰੋਂ ਕਈ ਸਾਲਾਂ ਤੱਕ ਪਾਕਿਸਤਾਨ ਨੇ ਭਾਰਗਵ ਨੂੰ ਆਪਣੀ ਹਿਰਾਸਤ ਵਿੱਚ ਰੱਖ ਕੇ ਤਸੀਹੇ ਦਿੱਤੇ ਤੇ ਜਦੋਂ ਉਹ ਰਿਹਾਅ ਹੋ ਕੇ ਭਾਰਤ ਆਏ ਤਾਂ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਨੁਕਸਾਨੀ ਗਈ ਸੀ ਤੇ ਉਹ ਚੱਲਣ ਫਿਰਨ ਤੋਂ ਵੀ ਮੁਥਾਜ਼ ਹੋ ਗਏ ਸਨ। ਸੰਨ 1999 ਵਿੱਚ ਵਾਪਰਿਆ ਕਾਰਗਿੱਲ ਯੁੱਧ ਕਿਸ ਨੂੰ ਯਾਦ ਨਹੀਂ ਹੈ ? ਇਸ ਦੌਰਾਨ ਵੀ ਸਾਡਾ ਇੱਕ ਪਾਇਲਟ ਫਲਾਈਟ ਲੈਫਟੀਨੈਂਟ ਨਚੀਕੇਤਾ ਜਹਾਜ਼ ਕ੍ਰੈਸ਼ ਹੋ ਜਾਣ ਕਾਰਨ ਪਾਕਿਸਤਾਨੀ ਫੌਜੀਆਂ ਦੇ ਵਿਚਕਾਰ ਜਾ ਡਿੱਗਾ ਜਿਨ੍ਹਾਂ ਨੂੰ ਫੌਜ ਨੇ ਬੁਰੀ ਤਰ੍ਹਾਂ ਕੁੱਟਿਆ ਪਰ ਉੱਥੋਂ ਦੇ ਅਧਿਕਾਰੀਆਂ ਨੇ ਨਚੀਕੇਤਾ ਨੂੰ ਬਚਾ ਲਿਆ। ਨਚੀਕੇਤਾ ਵੀ ਕਈ ਦਿਨ ਤੱਕ ਪਾਕਿਸਤਾਨ ਦੇ ਕਬਜ਼ੇ ਵਿੱਚ ਰਹਿਣ ਤੋਂ ਬਾਅਦ ਰਿਹਾਅ ਕੀਤੇ ਗਏ ਸਨ।

ਉਕਤ ਸਾਰੇ ਕਿੱਸੇ ਉਨ੍ਹਾਂ ਭਾਰਤੀ ਪਾਇਲਟਾਂ ਦੇ ਹਨ ਜਿਹੜੇ ਪਾਕਿਸਤਾਨ ਦੀ ਫੌਜ ਦੇ ਕਬਜ਼ੇ ਵਿਚ ਰਹਿ ਕੇ ਭਾਰੀ ਤਸ਼ੱਦਦ ਸਹਿਣ ਦੇ ਨਾਲ ਨਾਲ ਦਿਨ, ਮਹੀਨੇ ਅਤੇ ਸਾਲਾਂ ਬੱਧੀ ਉਨ੍ਹਾਂ ਦੇ ਕਬਜ਼ੇ ਵਿਚ ਰਹ। ਹੁਣ ਜ਼ਰਾ ਧਿਆਨ ਦਿਓ ਅਭਿਨੰਦਨ ਦੇ ਰਿਹਾਅ ਹੋਣ ਮੌਕੇ ਜ਼ਿਆਦਾਤਰ ਭਾਰਤੀ ਰਾਸ਼ਟਰੀ ਅਤੇ ਸੋਸ਼ਲ ਮੀਡੀਆ ’ਤੇ ਚੱਲ ਰਹੀ ਬਿਆਨਬਾਜ਼ੀ ’ਤੇ। ਇੱਥੇ ਸਾਫ ਤੌਰ ’ਤੇ ਚੈਨਲਾਂ ਦੇ ਐਂਕਰ ਅਤੇ ਮਹਿਮਾਨ ਇਹੋ ਜਿਹੀਆਂ ਤਕਰੀਰਾਂ ਦੇ ਰਹੇ ਸਨ, ਜਿਵੇਂ ਤਿੰਨੇ ਫੌਜਾਂ ਦੀ ਕਮਾਂਡ ਇਨ੍ਹਾਂ ਲੋਕਾਂ ਦੇ ਹੱਥ ਵਿੱਚ ਹੋਵੇ ਤੇ ਉਹ ਲੋਕ ਕਿਸੇ ਵੇਲੇ ਵੀ ਪਾਕਿਸਤਾਨ ਨੂੰ ਕੀੜੀ ਵਾਂਗ ਮਸਲ ਦੇਣਗੇ। ਕੀ ਇਹ ਮੰਨਣਯੋਗ ਹੈ ?

ਜੇ ਅਜਿਹਾ ਹੋ ਸਕਦਾ ਹੁੰਦਾ ਤਾਂ ਫਿਰ ਅੱਜ ਭਾਰਤੀ ਜਲ ਸੈਨਾ ਅਧਿਕਾਰੀ ਕੁਲਭੂਸ਼ਣ ਯਾਦਵ ਪਾਕਿਸਤਾਨ ਦੇ ਕਬਜ਼ੇ ਵਿੱਚੋਂ ਕਿਉਂ ਨਹੀਂ ਛੁਡਵਾਇਆ ਜਾ ਸਕਿਆ ? ਸਾਨੂੰ ਅੰਤਰ ਰਾਸ਼ਟਰੀ ਅਦਾਲਤਾਂ ਵਿੱਚ ਅਪੀਲਾਂ ਕਿਉਂ ਕਰਨੀਆਂ ਪੈ ਰਹੀਆਂ ਹਨ ? 1965 ਅਤੇ 1971 ਦੀ ਜੰਗ ਵਿੱਚ ਜਿਹੜੇ ਭਾਰਤੀ ਫੌਜੀ ਪਾਕਿਸਤਾਨ ਦੇ ਕਬਜ਼ੇ ਵਿੱਚ ਆਏ ਸਨ, ਭਾਰਤ ਉਨ੍ਹਾਂ ਨੂੰ ਅੱਜ ਤੱਕ ਕਿਉਂ ਨਹੀਂ ਛੁਡਵਾ ਸਕਿਆ ? ਸਾਡੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹੁਣ ਵੀ ਅਪੀਲ ਕਰਦੇ ਦਿਖਾਈ ਦਿੱਤੇ ਕਿ 1965 ਅਤੇ 1971 ਦੀ ਜੰਗ ਵੇਲੇ ਪਾਕਿ ਵੱਲੋਂ ਗ੍ਰਿਫਤਾਰ ਕੀਤੇ ਭਾਰਤੀ ਫੌਜੀ ਰਿਹਾਅ ਕੀਤੇ ਜਾਣ।

*ਮਾਮਲਾ ਗੁਰੂ ਗਰੰਥ ਸਾਹਿਬ ਬੇਅਦਬੀ ਕਾਂਡ ਦਾ*

# ਅਕਾਲੀ ‘ਸਿੱਟ’ ਨੂੰ ਸਹਿਯੋਗ ਨਹੀਂ ਦੇਣਗੇ

**ਚੰਡੀਗੜ੍ਹ/ਏਟੀ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਬਲਵਿੰਦਰ ਸਿੰਘ ਭੂੰਦੜ, ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਕੈਪਟਨ ਸਰਕਾਰ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਪੁਲੀਸ ਗੋਲੀ ਕਾਂਡ ਦੀ ਜਾਂਚ ਕਰ ਰਹੀ ਪੁਲੀਸ ਅਧਿਕਾਰੀਆਂ ‘ਤੇ ਆਧਾਰਿਤ ਵਿਸ਼ੇਸ਼ ਜਾਂਚ ਟੀਮ (ਸਿੱਟ) ਨੂੰ ਸਹਿਯੋਗ ਨਾ ਦੇਣ ਦਾ ਐਲਾਨ ਕੀਤਾ ਹੈ। ਅਕਾਲੀ ਆਗੂਆਂ ਨੇ ਕਿਹਾ ਕਿ ਜਲਦੀ ਹੀ ਅਕਾਲੀ-ਭਾਜਪਾ ਵਫ਼ਦ ਪੰਜਾਬ ਦੇ ਰਾਜਪਾਲ ਵੀਪੀ ਸਿੰਘ ਬਦਨੌਰ ਨੂੰ ਮਿਲ ਕੇ ਬਹਿਬਲ ਕਲਾਂ ਅਤੇ ਕੋਟਕਪੂਰਾ ਘਟਨਾਵਾਂ ਦੀ ਨਿਰਪੱਖ ਜਾਂਚ ਕਰਵਾਉਣ ਦੀ ਅਪੀਲ ਕਰੇਗਾ। ਅਕਾਲੀ ਦਲ ਦੇ ਉਕਤ ਆਗੂਆਂ ਨੇ ਸਾਬਕਾ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਕੋਟਕਪੂਰਾ ਘਟਨਾ ਲਈ ਲਈ ਝੂਠਾ ਫਸਾਉਣ ਦੇ ਦੋਸ਼ ਲਾਉਂਦਿਆਂ ਇਸ ਦੀ ਨਿਖੇਧੀ ਕੀਤੀ। ਦੋਵੇਂ ਕੇਸ ਸੁਪਰੀਮ ਕੋਰਟ ਦੇ ਕਿਸੇ ਮੌਜੂਦਾ ਜੱਜ ਦੀ ਸਿੱਧੀ ਨਿਗਰਾਨੀ ਵਾਲੀ ਕਿਸੇ ਕੇਂਦਰੀ ਜਾਂਚ ਏਜੰਸੀ ਨੂੰ ਸੌਂਪੇ ਜਾਣ।

# ਘੱਟ ਗਿਣਤੀਆਂ ਤੇ ਦਲਿਤਾਂ ਦਾ ਵਧਿਆ ਸ਼ੋਸ਼ਣ

*ਮਨੁੱਖੀ ਅਧਿਕਾਰ ਕੌਂਸਲ ਵੱਲੋਂ ਭਾਰਤ ਨੂੰ ਚਿਤਾਵਨੀ*

**ਜਨੇਵਾ/ਏਟੀ ਨਿਊਜ਼ :** ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰਾਂ ਬਾਰੇ ਮੁਖੀ ਮਿਸ਼ੈਲ ਬੈਕਲੈਟ ਨੇ ਭਾਰਤ ਨੂੰ ਚਿਤਾਵਨੀ ਦਿੱਤੀ ਹੈ ਕਿ ਉਸ ਦੀਆਂ ‘ਵੰਡੀਆਂ ਪਾਉਣ ਵਾਲੀਆਂ ਨੀਤੀਆਂ’ ਨਾਲ ਆਰਥਿਕ ਵਿਕਾਸ ਹੇਠਾਂ ਡਿੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਸੌੜੇ ਸਿਆਸੀ ਏਜੰਡਿਆਂ ਕਾਰਨ ਪਹਿਲਾਂ ਹੀ ਨਾ-ਬਰਾਬਰੀ ਵਾਲੇ ਸਮਾਜ ਦੇ ਲੋਕਾਂ ਦਾ ਜੀਵਨ ਪੱਧਰ ਹੋਰ ਹੇਠਾਂ ਆ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਕੌਂਸਲ ਦੀ ਸਾਲਾਨਾ ਰਿਪੋਰਟ ਵਿੱਚ ਬੈਕਲੈੱਟ ਨੇ ਕਿਹਾ, “ਸਾਨੂੰ ਘੱਟ ਗਿਣਤੀ ਵਰਗਾਂ ਦੇ ਵਧ ਰਹੇ ਸ਼ੋਸ਼ਣ ਦੀਆਂ ਰਿਪੋਰਟਾਂ ਮਿਲੀਆਂ ਹਨ। ਇਨ੍ਹਾਂ ਵਰਗਾਂ ਵਿੱਚ ਮੁਸਲਮਾਨ, ਦਲਿਤ ਆਦਿਵਾਸੀ ਅਤੇ ਹੋਰ ਆਰਥਿਕ ਤੌਰ ‘ਤੇ ਕਮਜ਼ੋਰ ਵਰਗ ਸ਼ਾਮਲ ਹਨ।


CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਬੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

ਅੰਮ੍ਰਿਤਸਰ ਟਾਈਮਜ਼ AMRITSAR TIMES
13 ਮਾਰਚ 2019 ਤੋਂ 19 ਮਾਰਚ 2019

# ਬਿਪਰਵਾਦੀ ਰਾਜ ਪ੍ਰਬੰਧ ਦਾ ਚੋਣ ਜਸ਼ਨ ਤੇ ਸਿੱਖ ਪੰਥ ਦਾ ਭਵਿੱਖ

**ਮਨਜੀਤ ਸਿੰਘ ਟਿਵਾਣਾ**

ਦੁਨੀਆ ਦੀ ਅਬਾਦੀ ਦੇ ਪੱਖ ਤੋਂ ਸਭ ਤੋਂ ਵੱਡੀ ਜਮਹੂਰੀਅਤ ਹੋਣ ਦਾ ਦਮ ਭਰਨ ਵਾਲੇ ਦੇਸ਼ ਭਾਰਤ ਵਿਚ 17ਵੀਂ ਲੋਕ ਸਭਾ ਦੇ ਗਠਨ ਲਈ ਆਮ ਚੋਣਾਂ ਦਾ ਐਲਾਨ ਹੋ ਗਿਆ ਹੈ। ਭਾਰਤ ਦੀ ਕਥਿਤ ਜਮਹੂਰੀਅਤ ਦਾ ਇਹ ਮਹਾਂਕੁੰਭ 11 ਅਪ੍ਰੈਲ ਤੋਂ ਸ਼ੁਰੂ ਹੋ ਕੇ 19 ਮਈ ਤਕ ਚੱਲੇਗਾ। 23 ਮਈ ਨੂੰ ਨਤੀਜੇ ਸਾਹਮਣੇ ਆਉਣਗੇ ਤੇ ਅਗਲੇ ਪੰਜ ਸਾਲ ਲਈ ਦੇਸ਼ ਦੀ ਵਾਗਡੋਰ ਫਿਰ ਕਿਸੇ ਹਿੰਦੂਵਾਦੀ ਵਿਚਾਰ ਚੌਖਟੇ ਵਿਚ ਫਿੱਟ ਆਗੂ, ਪਾਰਟੀ ਜਾਂ ਪਾਰਟੀਆਂ ਦੇ ਸਮੂਹ ਦੇ ਹੱਥਾਂ ਵਿਚ ਚਲੀ ਜਾਵੇਗੀ। ਹਿੰਦੂਵਾਦੀ ਵਿਚਾਰ ਚੌਖਟੇ ਵਾਲੀ ਇਹ ਪੱਕੀ ਭਵਿੱਖਬਾਣੀ ਇਸ ਲਈ ਹੈ, ਕਿਉਂਕਿ ਹਿੰਦੁਸਤਾਨ ਵਿਚ ਵੱਖ-ਵੱਖ ਧਾਰਮਿਕ, ਸੱਭਿਆਚਾਰਕ, ਭਾਸ਼ਾਈ ਤੇ ਕੌਮੀਅਤ ਪੱਧਰ ਦੀ ਆਜ਼ਾਦੀ, ਵੰਨ-ਸੁਵੰਨਤਾ ਤੇ ਆਪਣੀ ਖੁਦਮੁਖਤਿਆਰ ਖਸਲਤ ਦੀਆਂ ਸਾਰੀਆਂ ਹੱਦਾਂ-ਸਰਹੱਦਾਂ ਬੜੀ ਚਲਾਕੀ ਨਾਲ ਇਕ ਹੀ ਹਿੰਦੂ-ਹਿੰਦੀ ਤਰਜ਼-ਏ-ਜ਼ਿੰਦਗੀ ਦੇ ਚੌਖਟੇ ਦੇ ਅੰਦਰ ਪਹਿਲਾਂ ਹੀ ਮਿੱਥ ਦਿੱਤੀਆਂ ਹੋਈਆਂ ਹਨ।

ਦਰਅਸਲ ਸਦੀਆਂ ਦੀ ਗੁਲਾਮੀ ਤੋਂ ਬਾਅਦ ਸੰਸਾਰ ਪੱਧਰ ਉਤੇ ਵਾਪਰੀਆਂ ਤਬਦੀਲੀਆਂ ਕਾਰਨ ਸੰਨ ੧੯੪੭ ਵਿਚ ਮਸਾਂ ਮਸਾਂ ਮਿਲੀ ਆਜ਼ਾਦੀ ਨੂੰ ਹੜੱਪ ਲੈਣ ਦੀਆਂ ਵਿਉਂਤਾਂ ਹਿੰਦੂ ਲੀਡਰਸ਼ਿਪ ਦੇ ਮਨ ਮਸਤਕ ਵਿਚ ਪਹਿਲਾਂ ਹੀ ਬਣਨ ਲੱਗ ਪਈਆਂ ਸਨ। ਬਹੁਗਿਣਤੀ ਹਿੰਦੂਆਂ ਦੇ ਨੇਤਾਵਾਂ ਦੀ ਇਸੇ ਰਣਨੀਤੀ ਵਿਚੋਂ ਹੀ ਮੁਸਲਿਮ ਭਾਈਚਾਰੇ ਲਈ ਵੱਖਰਾ ਦੇਸ਼ ਪਾਕਿਸਤਾਨ ਕੱਢ ਕੇ ਬਾਕੀ ਬਚਦੇ ਹਿੰਦੁਸਤਾਨ ਨੂੰ ਸਿਰਫ ਹਿੰਦੂਆਂ ਦਾ ਦੇਸ਼ ਬਣਾਉਣ ਦੀ ਸੋਚ ਹੀ ਕੰਮ ਕਰਦੀ ਸੀ। ਅੰਗਰੇਜ਼ਾਂ ਦੇ ਰਾਜ ਤੋਂ ਮਿਲੀ ਆਜ਼ਾਦੀ ਤੋਂ ਬਾਅਦ ਜਦੋਂ ਤਕ ਸਿੱਖ ਆਗੂਆਂ ਤੇ ਵਿਚਾਰਕਾਂ ਦੇ ਇਹ ਗੱਲ ਖਾਨੇ ਪਈ, ਉਦੋਂ ਤਕ ਕਾਫੀ ਦੇਰ ਹੋ ਚੁੱਕੀ ਸੀ। ਆਜ਼ਾਦੀ ਤੋਂ ਬਾਅਦ ਹੁਣ ਤਕ ਦਾ ਇਤਿਹਾਸ ਹਿੰਦੁਸਤਾਨ ਦੇ ਚੋਣ ਅਮਲ ਨੂੰ ਲੋਕਤੰਤਰ ਦੇ ਨਾਂ ਉੱਤੇ ਆਮ ਲੋਕਾਂ ਨਾਲ ਕੀਤਾ ਜਾ ਰਿਹਾ ਵੱਡਾ ਛਲਾਵਾ ਹੀ ਸਾਬਿਤ ਕਰਦਾ ਆ ਰਿਹਾ ਹੈ। ਇਸ ਦੇਸ਼ ਨੂੰ ਪਹਿਲਾਂ ਮੁਗਲਾਂ ਤੇ ਮਗਰੋਂ ਅੰਗਰੇਜ਼ਾਂ ਦੀ ਲਗਭਗ ਛੇ ਸੌ ਸਾਲਾਂ ਦੀ ਗੁਲਾਮੀ ਦੇ ਜੂਲ੍ਹੇ ਹੇਠੋਂ ਕੱਢਣ ਲਈ ਲੱਖਾਂ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਇਕ ਵੱਡੇ ਧੋਖੇ ਤੇ ਸਿਆਸੀ ਠੱਗੀ ਦਾ ਸ਼ਿਕਾਰ ਹੋ ਕੇ ਰਹਿ ਗਈ ਹੈ। ਇਹੋ ਠੱਗੀ ਹਰ ਪੰਜ ਸਾਲ ਬਾਅਦ ਜਾਂ ਜਦੋਂ ਕਦੇ ਵੀ ਚੋਣਾਂ ਕਰਵਾਉਣ ਦੇ ਨਾਮ ਹੇਠ ਸਿੱਖਾਂ ਸਮੇਤ ਇਸ ਦੇਸ਼ ਦੀਆਂ ਤਮਾਮ ਘੱਟ ਗਿਣਤੀਆਂ ਨਾਲ ਲਗਾਤਾਰ ਵੱਜਦੀ ਆ ਰਹੀ ਹੈ। ਅਸਲੀਅਤ ਵਿਚ ਇਹ ਚੋਣ ਅਮਲ ਬਿਪਰਵਾਦੀ ਤਾਨਾਸ਼ਾਹੀ ਰਾਜ ਪ੍ਰਬੰਧ ਉਤੇ ਜਮਹੂਰੀਅਤ ਦਾ ਨਕਾਬ ਚੜ੍ਹਾਉਣ ਦੀ ਇਕ ਕਵਾਇਦ ਮਾਤਰ ਹੀ ਹੈ। ਬੀਤੇ ਛੇ ਦਹਾਕਿਆਂ ਦੌਰਾਨ ਧਰਮਨਿਰਪੱਖਤਾ ਅਤੇ ਦੇਸ਼ ਦੀ ਏਕਤਾ-ਅਖੰਡਤਾ ਦੇ ਸੰਦ ਵਰਤ ਕੇ ਬਿਪਰਵਾਦੀ ਰਾਜ ਪ੍ਰਬੰਧ ਵੱਲੋਂ ਇਸ ਖਿੱਤੇ ਦੀ ਵੱਖਰੀ ਕੌਮੀ ਪਛਾਣ ਨੂੰ ਦਰੜਿਆ ਗਿਆ ਹੈ। ਦੇਸ਼ ਪੱਧਰ ਉਤੇ ਘੱਟਗਿਣਤੀਆਂ ਵਿਰੁਧ ਦਮਨਚੱਕਰ ਦਾ ਦੌਰ ਚੱਲਦਾ ਆ ਰਿਹਾ ਹੈ। ਹਰ ਚੋਣ ਤੋਂ ਬਾਅਦ ਆਗੂ ਅਤੇ ਚਿਹਰੇ ਹੀ ਬਦਲਦੇ ਹਨ ਪਰ ਪੰਥ ਅਤੇ ਪੰਜਾਬ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਮਸਲੇ ਉਵੇਂ ਹੀ ਅਣਸੁਲਝੇ ਖੜ੍ਹੇ ਰਹਿੰਦੇ ਹਨ। ਜਮਹੂਰੀਅਤ ਦੇ ਲਬਾਦੇ ਹੇਠ ਲੁਕੀ ਹਿੰਦੁਤਵੀ ਸਲਤਨਤ ਦੇ ਇਸ ਚੋਣਾਵੀ ਜਸ਼ਨ ਵਿਚ ਸਿੱਖ ਕੌਮ ਦੇ ਜਾਗਰੂਕ ਹਿੱਸੇ ਦਾ ਮਨ ਮਸੋਸ ਕੇ ਰਹਿ ਜਾਣਾ ਸੁਭਾਵਿਕ ਹੈ। ਹੁਣ ਤਕ ਸਰਮਾਏਦਾਰੀ ਘਰਾਣਿਆਂ ਦੀਆਂ ਕਠਪੁਤਲੀਆਂ ਦੋ ਮੁਖ ਬਿਪਰਵਾਦੀ ਰਾਜਸੀ ਧਿਰਾਂ ਬਣਤੀਆਂ ਆ ਰਹੀਆਂ ਹਨ। ਇਨ੍ਹਾਂ ਨਾਲ ਰਲ ਕੇ ਬਿਪਰਵਾਦੀ ਸਟੇਟ ਦੀ ਅਧੀਨਗੀ ਮੰਨਣ ਵਾਲੇ ਘੱਟਗਿਣਤੀਆਂ, ਦਲਿਤਾਂ ਅਤੇ ਪਛੜੇ ਵਰਗ ਦੇ ਮੌਕਾਪ੍ਰਸਤ ਨੇਤਾਵਾਂ ਦੇ ਧੜਿਆਂ ਵੱਲੋਂ ਮੀਡੀਆ, ਧੱਕੇਸ਼ਾਹੀ, ਪੈਸਾ, ਨਸ਼ੇ ਅਤੇ ਹੋਰ ਮਲੀਨ ਢੰਗਾਂ ਦੀ ਵਰਤੋਂ ਕਰ ਕੇ ਆਮ ਜਨਤਾ ਦੇ ਅਸਲ ਪ੍ਰਤੀਨਿਧ ਚੁਣੇ ਦੀ ਸੰਭਾਵਨਾ ਨੂੰ ਹਾਸ਼ੀਏ ਉੱਤੇ ਧੱਕ ਦਿੱਤਾ ਹੈ। ਇਥੇ ਹੁਣ ਤਕ ਕਿੰਨੀ ਹੀ ਵਾਰ ਸਿੱਖਾਂ, ਮੁਸਲਮਾਨਾਂ, ਈਸਾਈਆਂ ਤੇ ਦਲਿਤਾਂ ਦੇ ਕਤਲੇਆਮ ਹੋ ਚੁੱਕੇ ਹਨ। ਇਹ ਸਾਬਤ ਹੋ ਚੁੱਕਾ ਹੈ ਕਿ ਇਨ੍ਹਾਂ ਕਤਲੇਆਮਾਂ ਵਿਚ ਭਾਰਤੀ ਸਟੇਟ ਦੀਆਂ ਸਮੇਂ-ਸਮੇਂ ਉਤੇ ਰਾਜ ਕਰਨ ਵਾਲੀਆਂ ਧਿਰਾਂ ਦੀ ਮੂਕ ਜਾਂ ਖੁੱਲ੍ਹੇਆਮ ਸ਼ਮੂਲੀਅਤ ਰਹੀ ਹੈ ਪਰ ਕਥਿਤ ਜਮਹੂਰੀ ਨਿਜ਼ਾਮ ਦੀਆਂ ਅੱਖਾਂ ਬੰਦ ਹੀ ਰਹੀਆਂ ਹਨ।

ਆਮ ਲੋਕਾਂ ਨੂੰ ਗੁਲਾਮ ਬਣਾ ਕੇ ਰੱਖਣ ਲਈ ਪੂਰੀ ਤਰ੍ਹਾਂ ਕਾਬੂ ਕੀਤੇ ਹੋਏ ਇਸ ਚੋਣ ਅਮਲ ਵਿਚ ਸਿਰਫ ਬਿਪਰਵਾਦੀ ਸਟੇਟ ਦਾ ਥਾਪੜਾ ਪ੍ਰਾਪਤ ਧੜੇ ਹੀ ਪ੍ਰਵਾਨ ਹਨ। ਕੁੱਲ ਮਿਲਾ ਕੇ ਇਸ ਚੋਣ ਅਮਲ ਵਿਚੋਂ ਵੀ ਲੋਕਾਂ ਦੇ ਪੱਲੇ ਪਲੀਤ ਵਾਤਾਵਰਣ, ਗੁਰਬਤ, ਬੇਇਨਸਾਫੀ ਅਤੇ ਘੱਟਗਿਣਤੀਆਂ ਨੂੰ ਦਬਾ ਕੇ ਰੱਖਣ ਲਈ ਸਟੇਟ ਦੇ ਦਮਨਕਾਰੀ ਕਾਲੇ ਕਾਨੂੰਨਾਂ ਨੇ ਹੀ ਪੈਣਾ ਹੈ। ਕਈ ਸਿੱਖ ਰਾਜਨੀਤਕ ਧਿਰਾਂ ਨੇ ਇਸ ਮੌਕੇ ਆਪਣੇ ਦਿਲ ਦੇ ਵਲਵਲੇ ਕੱਢਣੇ ਹਨ ਤੇ ਕਈਆਂ ਨੇ ਸਮੁੱਚੇ ਸਿੱਖ ਜਗਤ ਨੂੰ ਆਪਣੀ ਹੋਣੀ ਦੇ ਭਵਿੱਖ ਬਾਰੇ ਮਿਲ ਬੈਠ ਕੇ ਵਿਚਾਰਾਂ ਕਰਨ ਦਾ ਹੋਕਾ ਵੀ ਦਿੱਤਾ ਹੈ। ਇਕ ਅਰਬ, 30 ਕਰੋੜ ਦੀ ਆਬਾਦੀ ਵਾਲੇ ਦੇਸ਼ ਦੇ 90 ਕਰੋੜ ਤੋਂ ਵੀ ਵੱਧ ਵੋਟਰਾਂ ਵਿਚ ਸਿੱਖਾਂ ਦੀ ਗਿਣਤੀ 'ਆਟੇ ਵਿਚ ਲੂਣ' ਵਰਗੀ ਹੈ। ਇਸ ਕਰ ਕੇ ਸਿੱਧੇ ਰੂਪ ਵਿਚ ਚੋਣਾਂ ਦੇ ਪਿੜ ਵਿਚੋਂ ਸਿੱਖਾਂ ਜਾਂ ਪੰਜਾਬ ਦੇ ਹੱਥ-ਪੱਲੇ ਬਹੁਤਾ ਕੁਝ ਨਹੀਂ ਪੈਂਦਾ। ਇਹ ਚੋਣ ਅਮਲ ਭਾਰਤੀ ਉਪਮਹਾਂਦੀਪ ਵਿਚ ਵਸਦੀਆਂ ਵੱਖ-ਵੱਖ ਕੌਮਾਂ ਅਤੇ ਸੱਭਿਆਚਾਰਾਂ ਦੀ ਅਜ਼ਾਦੀ ਦਾ ਬਦਲ ਤਾਂ ਨਹੀਂ ਹੈ ਪਰ ਸਿੱਖਾਂ ਨੇ ਇਸ ਦੇਸ਼ ਅੰਦਰ ਜਿੰਨਾ ਜ਼ੁਲਮ ਅਤੇ ਤਸ਼ੱਦਦ ਹੁਣ ਤਕ ਸਹਿ ਲਿਆ ਹੈ, ਉਸ ਦੇ ਰੋਸ ਵਿਚ ਇਤਿਹਾਸ ਦੇ ਇਸ ਮੋੜ ਉਤੇ ਆ ਕੇ ਚੋਣਾਂ ਦਾ ਬਾਈਕਾਟ ਕਰਨ ਵਰਗੀਆਂ ਤਰਕੀਬਾਂ ਵੀ ਖੁੰਢੀਆਂ ਹੋ ਚੁੱਕੀਆਂ ਹਨ। ਇਸ ਕਰ ਕੇ ਕੌਮ ਦੇ ਭਵਿੱਖ ਲਈ ਚਿੰਤਤ ਵਿਚਾਰਵਾਨ ਲੋਕਾਂ ਦਾ ਮੰਨਣਾ ਹੈ ਕਿ ਫਿਲਹਾਲ ਸਾਡੇ ਕੋਲ ਇਕੋ ਇਕ ਰਾਹ ਲੰਮੀ ਤੇ ਜਮਹੂਰੀ ਤੌਰ ਤਰੀਕਿਆਂ ਵਾਲੀ ਜੱਦੋ-ਜਹਿਦ ਕਰਨਾ ਹੀ ਬਚਦਾ ਹੈ। ਭਾਰਤ ਦੇ ਵੱਖ-ਵੱਖ ਸੂਬਿਆਂ ਅਤੇ ਬਾਹਰਲੇ ਮੁਲਕਾਂ ਵਿਚ ਅਨੇਕਾਂ ਹੀ ਸਮੱਸਿਆਵਾਂ ਸਿੱਖ ਭਾਈਚਾਰੇ ਲਈ ਸਮੇਂ-ਸਮੇਂ ਉਤੇ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਤਮਾਮ ਸਮੱਸਿਆਵਾਂ ਨਾਲ ਸਹੀ ਤਰੀਕੇ ਨਾਲ ਨਜਿੱਠਣ ਅਤੇ ਆਪਣੇ ਕੌਮੀ ਘਰ ਦੇ ਨਿਸ਼ਾਨੇ ਵਾਸਤੇ ਸਮੇਂ ਮੁਤਾਬਕ ਪੰਥਕ ਸੋਚ ਨੂੰ ਪ੍ਰਨਾਈਆਂ ਸਿੱਖਾਂ ਦੀਆਂ ਸਿਆਸੀ ਧਿਰਾਂ ਨੂੰ ਦੇਸ਼ ਪੱਧਰ ਉਤੇ ਘੱਟ ਗਿਣਤੀ ਸਿਆਸੀ ਗੱਠਜੋੜਾਂ, ਨਿਰਪੱਖ ਤੇ ਉਸਾਰੂ ਸੋਚ ਰੱਖਣ ਵਾਲੀਆਂ ਰਾਜਨੀਤਕ ਧਿਰਾਂ ਨਾਲ ਕਦਮ ਮਿਲਾ ਕੇ ਚੱਲਿਆ ਜਾਣਾ ਬੇਹੱਦ ਜ਼ਰੂਰੀ ਹੈ। ਜ਼ਮੀਨੀ ਹਕੀਕਤ ਨੂੰ ਜਾਣ-ਸਮਝ ਕੇ ਹੀ ਬੀਤੇ ਵਿਚ ਹੋਈਆਂ ਕੀਤੀਆਂ ਵੱਡੀਆਂ ਗਲਤੀਆਂ ਤੋਂ ਪਾਰ ਪਾਇਆ ਜਾ ਸਕਦਾ ਹੈ।

# ਜੰਗੀ ਮਾਹੌਲ ਦੇ ਦਿਨਾਂ ਵਿਚ ਦੇਸ਼ਧ੍ਰੋਹ

**ਜਸਵੀਰ ਸਮਰ**
(098722-69310)

"ਸਿਆਸਤਦਾਨ ਅਗਲੀਆਂ ਚੋਣਾਂ ਬਾਰੇ ਅਤੇ ਸਟੇਟਸਮੈਨ ਅਗਲੀਆਂ ਪੀੜ੍ਹੀਆਂ ਬਾਰੇ ਸੋਚਦਾ ਹੈ।" ਇਹ ਹਵਾਲਾ ਅਮਰੀਕੀ ਧਰਮ



ਸ਼ਾਸਤਰੀ ਅਤੇ ਲਿਖਾਰੀ ਜੇਮਸ ਫ੍ਰੀਮੈਨ ਕਲਾਰਕ ਦਾ ਹੈ। ਇਸ ਹਵਾਲੇ ਨਾਲ, ਜ਼ਾਹਿਰ ਹੈ ਕਿ ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਿਰਾ ਸਿਆਸਤਦਾਨ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਸਟੇਟਸਮੈਨ ਕਹਿਣਾ ਤਾਂ ਫਿਲਹਾਲ ਵਾਜਿਬ ਨਹੀਂ ਹੋਵੇਗਾ ਪਰ ਉਸ ਨੇ ਮੌਜੂਦਾ ਹਾਲਾਤ ਅੰਦਰ ਜੋ ਕੁਝ ਕੀਤਾ ਹੈ, ਉਸ ਨੇ ਉਸ ਦੇ ਕ੍ਰਿਕਟ ਵਾਲੇ ਦਿਨਾਂ ਦੇ ਜੁਝਾਰੂਪਣ ਅਤੇ ਚਤੁਰਾਈ ਦੇ ਦਰਸ਼ਨ ਜ਼ਰੂਰ ਕਰਵਾ ਦਿੱਤੇ ਹਨ। ਇਹ ਤੱਥ ਵੀ ਭਾਵੇਂ ਨਿਰਮਲ ਪਾਣੀਆਂ ਜਿੰਨਾ ਸੱਚ ਹੈ ਕਿ ਇਸ ਵੇਲੇ ਪਾਕਿਸਤਾਨ ਦੇ ਜੋ ਆਰਥਿਕ-ਸਿਆਸੀ ਹਾਲਾਤ ਹਨ, ਇਹ ਜੰਗ ਦਾ ਭਾਰ ਝੱਲ ਨਹੀਂ ਸਕਦਾ ਪਰ ਸਿਰਫ ਇਹੀ ਤੱਥ ਪਾਕਿਸਤਾਨ ਦੀ 'ਅਮਨ' ਬਾਰੇ ਹਾਲੀਆ ਪਹੁੰਚ ਦਾ ਇਕੋ-ਇਕ ਕਾਰਨ ਨਹੀਂ ਹੈ।

ਇਹ ਮਸਲਾ ਹੁਣ ਬਹਿਸ ਗੋਚਰਾ ਨਹੀਂ ਰਹਿ ਗਿਆ ਕਿ ਜੰਗਾਂ-ਯੁੱਧਾਂ ਨਾਲ ਆਖ਼ਿਰਕਾਰ ਨਫ਼ਾ-ਨੁਕਸਾਨ ਕਿਸ ਦਾ ਹੁੰਦਾ ਹੈ। ਹਜ਼ਾਰਾਂ ਕਰੋੜਾਂ ਪੰਨਿਆਂ ਉੱਤੇ ਫੈਲਿਆ ਇਤਿਹਾਸ, ਜੰਗ ਦੀਆਂ ਹਕੀਕਤਾਂ ਦੀ ਗਵਾਹੀ ਭਰਦਾ ਹੈ। ਇਸ ਗਵਾਹੀ ਵਿਚ ਹਿਟਲਰ ਦੇ ਪ੍ਰਾਪੇਗੰਡਾ ਮੰਤਰੀ ਗੋਇਬਲਜ਼ ਦਾ ਕਥਨ ਵੀ ਨਾਲ ਢੁੱਕ ਕੇ ਬੈਠਿਆ ਹੋਇਆ ਹੈ : ਕੋਈ ਝੂਠ ਸੌ ਵਾਰ ਬੋਲ ਦਿਓ, ਸੱਚ ਬਣ ਜਾਵੇਗਾ। ਜਿਨ੍ਹਾਂ ਸਿਆਸਤਦਾਨਾਂ ਦੀ ਅੱਖ ਅਗਲੀਆਂ ਚੋਣਾਂ ਉੱਤੇ ਹੈ, ਉਹ ਅਣਗਿਣਤ ਝੂਠ ਅਣਗਿਣਤ ਵਾਰ ਬੋਲ ਚੁੱਕੇ ਹਨ ਅਤੇ ਵਾਰ ਵਾਰ ਬੋਲ ਰਹੇ ਹਨ। ਹੈ ਤਾਂ ਇਹ ਅੱਜ ਦੀ ਕੌੜੀ ਸਚਾਈ ਪਰ ਇਹ ਲਾਣਾ ਝੂਠ ਵਾਲੀ ਇਹ ਲੜਾਈ ਚਿਰੋਕਣੀ ਜਿੱਤ ਚੁੱਕਾ ਹੈ। ਅਵਾਮ ਦੇ ਵੱਡੇ ਹਿੱਸੇ ਦੀਆਂ ਅੱਖਾਂ ਉੱਤੇ ਝੂਠ ਦੇ ਖੋਪੇ ਚੜ੍ਹ ਚੁੱਕੇ ਹਨ। ਇਹ ਧਰਾਤਲ ਦਾ ਸੱਚ ਹੈ।

ਧਰਾਤਲ ਦਾ ਇਕ ਹੋਰ ਸੱਚ ਵੀ ਹੈ ਜਿਸ ਨਾਲ ਸੀਨਾ ਵਿੰਨ੍ਹਿਆ ਪਿਆ ਹੈ। ਜੰਗ ਲੱਗਣ ਤੋਂ ਪਹਿਲਾਂ ਹੀ ਸਰਹੱਦੀ ਇਲਾਕਿਆਂ ਦੇ ਜਿਊੜਿਆਂ ਨੂੰ ਲੈਣੇ ਦੇ ਦੇਣੇ ਪੈ ਗਏ। ਅਜਿਹੇ ਉਜਾੜਿਆਂ ਦਾ ਦਰਦ ਸਿਆਸਤਦਾਨ ਨੂੰ ਕਦੀ ਨਹੀਂ ਪੋਂਹਦਾ, ਇਹ ਇਸ ਦਰਦ ਨੂੰ ਕਦੀ ਸਮਝਣਾ ਵੀ ਨਹੀਂ ਚਾਹੁੰਦੇ। ਉਨ੍ਹਾਂ ਲਈ ਤਾਂ ਇਹ ਲੋਕ ਉਸੇ ਤਰ੍ਹਾਂ ਹੀ 'ਜ਼ਿੰਦਾ ਸ਼ਹੀਦ' ਹਨ, ਜਿਵੇਂ ਸਰਹੱਦਾਂ ਉੱਤੇ ਬਾਰੂਦ ਫੱਕਦੇ ਫ਼ੌਜੀ, ਸਿਆਸਤ ਦਾ ਖਾਜਾ ਬਣਦੇ ਹਨ। ਪੁਲਵਾਮਾ ਵਾਰਦਾਤ ਤੋਂ ਬਾਅਦ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੇ ਜਿੱਦਾਂ ਜੰਗ ਲਈ ਡੌਲੇ ਫਰਕਾਏ ਹਨ, ਇਹ ਇਨ੍ਹਾਂ ਦੀ ਆਪਣੀਆਂ ਸਰਕਾਰਾਂ ਦੀ ਨਾ-ਅਹਿਲੀਅਤ ਉੱਤੇ ਪਰਦਾ ਪਾਉਣ ਦੀ ਕਵਾਇਦ ਹੀ ਸੀ/ਹੈ।

ਰਤਾ ਕੁ ਸੰਜੀਦਗੀ ਨਾਲ ਪੁਣ-ਛਾਣ ਕੀਤੀ ਜਾਵੇ ਤਾਂ ਆਸਾਨੀ ਨਾਲ ਲੱਭ ਜਾਵੇਗਾ ਕਿ ਪ੍ਰਧਾਨ ਮੰਤਰੀ ਕੋਲ ਆਪਣੇ ਪੰਜਾਂ ਵਰ੍ਹਿਆਂ ਅਤੇ ਪੰਜਾਬ ਦੇ ਮੁੱਖ ਮੰਤਰੀ ਕੋਲ ਆਪਣੀ ਦੋ ਸਾਲ ਦੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਉਣ ਲਈ ਪੱਲੇ ਕੁਝ ਵੀ ਨਹੀਂ ਹੈ; ਤੇ ਜੰਗ ਅਜਿਹਾ ਮਸਲਾ ਹੈ/ਸੀ ਜੋ ਇਕੋ ਝਟਕੇ ਨਾਲ ਸਭ ਮਸਲੇ ਪੱਧਰ ਕਰ ਦਿੰਦਾ ਹੈ। ਇਸੇ ਕਰਕੇ ਹੀ ਜੰਗ ਵਾਲਾ ਮਾਹੌਲ ਬੰਨ੍ਹਣ ਦੇ ਬਾਵਜੂਦ ਮੋਦੀ ਆਪਣਾ ਕੋਈ ਵੀ ਰੁਝੇਵਾਂ ਰੱਦ ਨਹੀਂ ਕਰਦਾ; ਇਸੇ ਤਰ੍ਹਾਂ ਪੰਜਾਬ ਦਾ ਮੁੱਖ ਮੰਤਰੀ ਜਿਹੜਾ ਆਮ ਕਰਕੇ ਕਦੀ ਘਰੋਂ ਨਿਕਲਣ ਲਈ ਰਾਜ਼ੀ ਨਹੀਂ ਹੁੰਦਾ, ਝੱਟ ਸਰਹੱਦ ਉੱਤੇ ਪੁੱਜ ਜਾਂਦਾ ਹੈ, ਹਾਲਾਂਕਿ ਉਸ ਦੇ




ਆਪਣੇ ਸ਼ਹਿਰ ਪਟਿਆਲੇ ਵਿਚ ਆਪਣੇ ਹੱਕਾਂ ਲਈ ਧਰਨੇ 'ਤੇ ਬੈਠੀਆਂ ਦੋ ਨਰਸਾਂ ਨੇ ਇਮਾਰਤ ਤੋਂ ਛਾਲਾਂ ਮਾਰ ਦਿੱਤੀਆਂ; ਸਭ ਜੀਆ-ਜੰਤ ਇਕ ਵਾਰ ਤਾਂ ਤ੍ਰਾਹ ਤ੍ਰਾਹ ਕਰ ਉੱਠਿਆ ਪਰ ਨਰਸਾਂ ਨਾਲ ਮਿਲਣ ਦਾ ਵਕਤ ਮੁਕੱਰਰ ਕਰਕੇ ਵੀ ਸਾਡੇ ਫ਼ੌਜੀ ਦੇਸ਼ਭਗਤ ਮੁੱਖ ਮੰਤਰੀ ਕੋਲ ਇਨ੍ਹਾਂ ਨੂੰ ਮਿਲਣ ਦਾ ਵਕਤ ਨਹੀਂ ਸੀ।

ਪਿਛਲੇ ਕੁਝ ਦਿਨਾਂ ਦੌਰਾਨ ਭਾਰਤ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਲੀਡਰਾਂ ਦੇ ਬਿਆਨਾਂ ਉੱਤੇ ਜੇ ਤਰਦੀ ਜਿਹੀ ਨਜ਼ਰ ਵੀ ਮਾਰੀਏ ਤਾਂ ਸਾਫ਼ ਹੋ ਜਾਂਦਾ ਹੈ ਕਿ ਜੇਮਸ ਫ੍ਰੀਮੈਨ ਕਲਾਰਕ ਵਾਲਾ ਹਵਾਲਾ ਕਿੰਨਾ ਸੱਚਾ ਹੈ। ਪ੍ਰਧਾਨ ਮੰਤਰੀ ਦੇ ਹੀ ਬਿਆਨ ਹਨ। ਉਸ ਨੇ ਪਹਿਲਾਂ ਵਾਂਗ, ਹੁਣ ਇਕ ਵਾਰ ਫਿਰ ਉਸ (ਮੋਦੀ) ਜਾਂ ਸਰਕਾਰ ਦੀ ਮੁਖ਼ਾਲਫ਼ਤ ਨੂੰ ਮੁਲਕ ਦੀ ਮੁਖ਼ਲਾਫ਼ਤ ਵਿਚ ਰੰਗਣ ਦਾ ਯਤਨ ਕੀਤਾ ਹੈ। ਦੂਜੇ ਸ਼ਬਦਾਂ ਵਿਚ, ਜੰਗ ਦੇ ਮਾਹੌਲ ਵਿਚ ਸਰਕਾਰ ਖ਼ਿਲਾਫ਼ ਕੂਣ ਵਾਲਾ ਹਰ ਸ਼ਖ਼ਸ ਦੇਸ਼ਧ੍ਰੋਹੀ ਹੈ। ਪੁਲਵਾਮਾ ਨੂੰ ਆਧਾਰ ਬਣਾ ਕੇ ਕੇਂਦਰ ਸਰਕਾਰ ਨੇ ਜਿਸ ਤਰ੍ਹਾਂ ਦਾ ਮਾਹੌਲ ਸਿਰਜਿਆ, ਉਸ ਨੇ ਜੰਗ ਦੀ ਮੁਖ਼ਲਾਫ਼ਤ ਕਰਨ ਵਾਲੇ ਹਰ ਸ਼ਖ਼ਸ ਨੂੰ ਦੇਸ਼ ਧ੍ਰੋਹੀਆਂ ਦੀ ਕਤਾਰ ਵਿਚ ਬੰਨ੍ਹਣ ਦਾ ਯਤਨ ਕੀਤਾ ਹੈ।

ਅਸਲ ਵਿਚ, ਇਸੇ ਮੁਕਾਮ ਉੱਤੇ ਆਣ ਕੇ ਹੀ ਜੰਗ ਦੀ ਮੁਖ਼ਲਾਫ਼ਤ ਕਰਨ ਵਾਲਿਆਂ ਅਤੇ ਇਮਰਾਨ ਖਾਨ ਦੀ ਅਮਨ-ਅਮਾਨ ਲਈ ਕੀਤੀ ਪਹਿਲਕਦਮੀ ਦੇ ਮਾਇਨੇ ਉਘੜਦੇ ਹਨ। ਨਾਲ ਹੀ ਉਨ੍ਹਾਂ ਦੋਖੀਆਂ ਨੂੰ ਜਵਾਬ ਮਿਲਦੇ ਹਨ ਜਿਹੜੇ ਇਨ੍ਹਾਂ ਜਿਊੜਿਆਂ ਨੂੰ ਜਾਣ-ਬੁੱਝ ਕੇ ਦੇਸ਼ ਧ੍ਰੋਹ ਅਤੇ ਇਮਰਾਨ ਖਾਨ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ। ਇਸੇ ਪ੍ਰਸੰਗ ਵਿਚ ਇਕ ਹੋਰ ਤੱਥ ਨੋਟ ਕਰਨ ਵਾਲਾ ਹੈ ਕਿ 'ਕਸ਼ਮੀਰ ਸਾਡਾ ਹੈ' ਵਾਲੇ ਪ੍ਰਵਚਨ ਹੁਣ ਉੱਕਾ ਹੀ ਗਾਇਬ ਹਨ। ਇਸ ਲਈ ਹੁਣ ਇਹ ਸਵਾਲ ਕਰਨ ਦਾ ਵੇਲਾ ਵੀ ਹੈ ਕਿ 'ਜੇ ਕਸ਼ਮੀਰ ਸਾਡਾ ਹੈ ਤਾਂ ਕਸ਼ਮੀਰੀ ਫਿਰ ਕਿਸ ਦੇ ਹਨ?' ਕਸ਼ਮੀਰ ਵਿਚ ਤੂਫਾਨ ਬਣ ਕੇ ਝੁੱਲ ਰਹੀ ਇਹ ਬੇਗਾਨਗੀ ਪੰਜਾਬ ਅਤੇ ਪੰਜਾਬੀਆਂ ਨੇ ਵੀ ਭੋਗੀ ਹੈ। ਉਂਜ, ਤਸੱਲੀ ਵਾਲੀ ਗੱਲ ਹੈ ਕਿ ਪੰਜਾਬੀਆਂ ਨੇ ਵੱਖ ਵੱਖ ਮੰਚਾਂ ਰਾਹੀਂ ਜੰਗ ਖ਼ਿਲਾਫ਼ ਡਟ ਕੇ ਆਵਾਜ਼ ਬੁਲੰਦ ਕੀਤੀ ਹੈ।

ਜੱਗ ਜਾਣਦਾ ਹੈ ਕਿ ਦਹਿਸ਼ਤਪਸੰਦੀ ਦਾ ਹੱਲ ਜੰਗ ਨਹੀਂ। ਸੰਸਾਰ ਵਿਚ ਜਿੱਥੇ ਕਿਤੇ ਵੀ ਇਸ ਪਾਸੇ ਗੱਲ ਗਈ ਹੈ, ਉੱਥੇ ਹਾਲਾਤ ਵਿਗੜੇ ਹੀ ਹਨ। ਇਸ ਦੀਆਂ ਜੜ੍ਹਾਂ ਕਿਤੇ ਹੋਰ ਹਨ ਜਿਸ ਵੱਲ ਸੱਤਾਧਾਰੀ ਲੋਕ ਆਪਣੀਆਂ ਅੱਖਾਂ ਮੁੰਦੀ ਬੈਠੇ ਹਨ। ਇੱਦਾਂ ਦਾ ਵਰਤਾਰਾ ਪੰਜਾਬ ਵਿਚ ਅਸੀਂ ਆਪਣੀਆਂ ਅੱਖਾਂ ਸਾਹਮਣੇ ਵਾਪਰਦਾ ਦੇਖਿਆ ਹੈ। ਆਪਣੇ ਹੀ ਲੋਕਾਂ ਖਿਲਾਫ ਜੰਗ ਦਾ ਬਿਗਲ ਵਜਾਇਆ ਗਿਆ। ਫਿਰ 1990 ਵਿਆਂ ਵਿਚ ਸਟੇਟ ਦੇ ਇਸ ਦਾਅਵੇ ਕਿ ਪੰਜਾਬ ਵਿਚ ਹੁਣ ਅਮਨ-ਅਮਾਨ ਹੋ ਗਿਆ ਹੈ, ਤੋਂ ਬਾਅਦ ਜਿਹੜੀ ਸੱਭਿਆਚਾਰਕ ਦਹਿਸ਼ਤਪਸੰਦੀ ਥੋਪੀ ਗਈ, ਉਸ ਦਾ ਵਿਕਰਾਲ ਰੂਪ ਅੱਜ ਸਭ ਦੇ ਸਾਹਮਣੇ ਹੈ। ਇਸ ਤੋਂ ਬਾਅਦ 'ਮਾਕੂਲ ਬਣਾਏ' (ਅਸਲ ਵਿਚ ਲਗਾਤਾਰ ਵਿਗੜੇ) ਮਾਹੌਲ ਵਿਚੋਂ ਗੈਂਗਸਟਰਾਂ ਦਾ ਦੌਰ ਨਿਕਲ ਆਇਆ। ਇਹ ਅਸਲ ਵਿਚ ਮੁਲਕ ਦੇ ਪਿੰਡੇ ਉੱਤੇ ਸੱਤਾਵਾਦੀਆਂ ਦੀਆਂ ਪਾਈਆਂ ਲਾਸਾਂ ਹਨ। ਅੱਜ ਕਸ਼ਮੀਰ ਇਨ੍ਹਾਂ ਲਾਸਾਂ ਅਤੇ ਇਨ੍ਹਾਂ ਵਿਚੋਂ ਸਿੰਮਦੇ ਲਹੂ ਨਾਲ ਤੜਫ ਰਿਹਾ ਹੈ।

ਇਹ ਉਹੀ ਕਸ਼ਮੀਰੀ ਹਨ ਜਿਨ੍ਹਾਂ ਦੀ ਦੂਜੀ-ਤੀਜੀ ਪੀੜ੍ਹੀ ਬਾਰੂਦ ਦੀ ਬੋਅ ਵਿਚ ਜਵਾਨ ਹੋਈ ਹੈ; ਜਿਹੜੀ ਕਰਫਿਊ ਵਰਗੀ ਸਖ਼ਤੀ ਨੂੰ ਪੱਥਰਾਂ-ਗੀਟਿਆਂ ਨਾਲ ਭੰਨਣ ਦਾ ਯਤਨ ਕਰਦੀ ਹੈ। ਕਸ਼ਮੀਰੀ ਨੌਜਵਾਨ ਸਈਦ ਬਿਸਮਿੱਲਾਹ ਗਿਲਾਨੀ ਨੇ ਆਪਣੀ ਕਿਤਾਬ 'ਤਾਮੀਰ-ਏ-ਦਹਿਸ਼ਤਪਸੰਦੀ' (ਮੈਨੂਫੈਕਚਰਿੰਗ ਟੈਰਰਿਜ਼ਮ: ਕਸ਼ਮੀਰੀ ਐਨਕਾਊਂਟਰਜ਼ ਵਿਦ ਮੀਡੀਆ ਐਂਡ ਲਾਅ) ਵਿਚ ਹੋਰ ਕਈ ਅਹਿਮ ਪੱਖਾਂ ਦੇ ਨਾਲ ਨਾਲ ਕਸ਼ਮੀਰੀਆਂ ਬਾਰੇ ਮੀਡੀਆ ਦੀ ਪਹੁੰਚ ਬਾਰੇ ਜਿਹੜਾ ਖੁਲਾਸਾ ਕੀਤਾ ਹੈ, ਉਹ ਅੱਜ ਦੇ ਹਾਲਾਤ ਦਾ ਹੀ ਇਕ ਝਲਕਾਰਾ ਹੈ। ਕਸ਼ਮੀਰ ਅਤੇ ਜੰਗ ਬਾਰੇ ਭਾਰਤੀ ਮੀਡੀਆ ਦੀ ਜਿੰਨੀ ਦੁਰ ਦੁਰ ਐਤਕੀਂ ਹੋਈ ਹੈ, ਉਹ ਇਤਿਹਾਸ ਦਾ ਵੱਖਰਾ ਵਰਕਾ ਬਣ ਗਈ ਹੈ।

ਵੀਹ-ਪੱਚੀ ਵਰ੍ਹੇ ਪਹਿਲਾਂ ਜਦੋਂ ਪੱਤਰਕਾਰੀ ਦੇ ਖੇਤਰ ਵਿਚ ਪੈਰ ਧਰਿਆ ਸੀ ਤਾਂ ਸਾਥੀ ਪੱਤਰਕਾਰ ਅਕਸਰ ਇਕ ਮਿਡਲ ਦਾ ਜ਼ਿਕਰ ਕਰਦੇ ਹੁੰਦੇ ਸਨ। ਇਸ ਮਿਡਲ ਦਾ ਸਿਰਲੇਖ ਸ਼ਾਇਦ 'ਮੁਰਗੇ ਦੀ ਟੰਗ ਨਾਲ ਲਿਖੇ ਹਰਫ' ਸੀ। ਇਹ ਸਿਰਲੇਖ ਸੁਰਜੀਤ ਪਾਤਰ ਦੀ ਗਜ਼ਲ ਦੇ ਸ਼ਿਅਰ 'ਹਵਾ ਵਿਚ ਲਿਖੇ ਹਰਫ਼' ਦੀ ਪੈਰੋਡੀ ਸੀ ਪਰ ਇਸ ਵਿਚ ਲਾਲਚਵੱਸ, ਪੱਤਰਕਾਰੀ ਨੂੰ ਤਾਕ ਉੱਤੇ ਰੱਖ ਕੇ ਸ਼ਬਦਾਂ ਨਾਲ ਕੀਤੇ ਧ੍ਰੋਹ ਵਾਲੀ ਤਨਜ਼ ਸੀ। ਉਦੋਂ ਮੀਡੀਆ ਅਜੇ ਅੱਜ ਵਾਂਗ ਵਪਾਰ ਦੇ ਚੱਕ ਉੱਤੇ ਨਹੀਂ ਸੀ ਚੜ੍ਹਿਆ। ਹੁਣ ਤਾਂ ਕਹਾਣੀ ਕਿਤੇ ਦੀ ਕਿਤੇ ਪੁੱਜ ਗਈ ਹੈ। ਅੱਜ ਮੀਡੀਆ, ਖਾਸ ਕਰਕੇ ਇਲੈਕਟਰੋਨਿਕ ਮੀਡੀਆ ਦਾ ਵੱਡਾ ਹਿੱਸਾ ਮੁਰਗੇ ਦੀ ਟੰਗ ਸਹਾਰੇ ਹੀ ਚੱਲ ਰਿਹਾ ਜਾਪਦਾ ਹੈ। ਕੋਈ ਕਸਰ ਬਾਕੀ ਨਹੀਂ ਬਚੀ ਹੈ ਅਤੇ ਜਮਹੂਰੀਅਤ ਦਾ ਚੌਥਾ, ਮਜ਼ਬੂਤ ਕੌਲ਼ਾ ਖੜ੍ਹਾ-ਖੜ੍ਹੋਤਾ ਹੀ ਸੱਤਾ ਦੀ ਹਵਾ ਵਿਚ ਖ਼ੁਰ ਗਿਆ ਹੈ, ਭਰੋਸੇ ਨੂੰ ਤਾਂ ਸਮਝੋ ਲਾਂਬੂ ਹੀ ਲੱਗ ਗਏ ਹਨ। ਕੁਝ ਸੰਜੀਦਾ ਪੱਤਰਕਾਰਾਂ ਨੇ ਪੱਤਰਕਾਰੀ ਦੇ ਇਸ ਭਰੋਸੇ ਦੀ ਮੌਤ 'ਤੇ ਕੀਰਨੇ ਪਾਏ ਹਨ। ਦੇਖਦੇ ਹਾਂ, ਇਨ੍ਹਾਂ ਕੀਰਨਿਆਂ ਨਾਲ ਕਿੰਨੇ ਕੁ ਦਿਲ ਪਸੀਜਦੇ ਹਨ! ਰਵੀਸ਼ ਕੁਮਾਰ ਨੇ ਜਮਹੂਰੀਅਤ ਦੇ ਬਚਾਅ ਲਈ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਦੋ-ਢਾਈ ਮਹੀਨੇ, ਭਾਵ ਚੋਣਾਂ ਤੱਕ ਟੈਲੀਵਿਜ਼ਨ ਨਾ ਦੇਖਣ। ਰਵੀਸ਼ ਦੀ ਇਹ ਚੀਕ ਅਸਲ ਵਿਚ ਭਾਰਤੀ ਚੋਣ ਢਾਂਚੇ ਦੀ ਸਾਰਥਿਕਤਾ ਉੱਤੇ ਡਾਢਾ ਤਲਖ਼ ਸਵਾਲ ਹੈ। ਜਿੰਨੀ ਜਲਦੀ ਭਾਰਤ ਦੇ ਲੋਕ ਇਹ ਹਕੀਕਤ ਤਸਲੀਮ ਕਰ ਲੈਣਗੇ ਤਾਂ ਚੰਗਾ ਹੈ; ਨਹੀਂ ਤਾਂ ਮੋਦੀ-ਮਾਰਕਾ ਲੀਡਰ ਇਸੇ ਤਰ੍ਹਾਂ ਵੋਟਾਂ ਲੁੱਟ ਕੇ ਮੁਲਕ ਨੂੰ ਵਰਗਲਾਉਂਦੇ ਰਹਿਣਗੇ।

# ਸੰਗਤ ਨੂੰ ਅਪੀਲ



**ਵਾਹਿਗੁਰੂ ਜੀ ਕਾ ਖਾਲਸਾ।।**
**ਵਾਹਿਗੁਰੂ ਜੀ ਕੀ ਫਤਿਹ।।**

ਗੁਰਦੁਆਰਾ ਸੁਧਾਰ ਕਮੇਟੀ ਦੀ ਤਰਫ਼ੋਂ, ਅਸੀਂ ਤੁਹਾਨੂੰ ਹੋਲਾ-ਮਹੱਲਾ ਦੇ ਸ਼ੁਭ ਮੌਕੇ ਉਤੇ ਵਧਾਈ ਦਿੰਦੇ ਹਾਂ। ਅਰਦਾਸ ਕਰਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਤੁਹਾਡੇ ਪਰਿਵਾਰਾਂ ਅਤੇ ਸਮੁੱਚੇ ਖਾਲਸਾ ਪੰਥ ਦੇ ਸਿਰ ਉਤੇ ਹੱਥ ਰੱਖਣ।

ਗੁਰਦੁਆਰਾ ਸੁਧਾਰ ਕਮੇਟੀ ਨੇ ਸਾਧ ਸੰਗਤ ਦੇ ਹੱਕਾਂ ਲਈ ਲੜਾਈ ਲੜੀ ਅਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਉਤੇ ਕਬਜ਼ਾ ਕਰਨ ਵਾਲੀ ਕਮੇਟੀ ਦੇ ਵਿਰੁੱਧ ਇੱਕ ਲੰਮੀ ਅਤੇ ਮਹਿੰਗੀ ਕਾਨੂੰਨੀ ਲੜਾਈ (2011-2015) ਤੋਂ ਬਾਅਦ ਜਨਰਲ ਬਾਡੀ ਦੇ ਮੈਂਬਰਾਂ ਦੇ ਵੋਟਿੰਗ ਅਧਿਕਾਰਾਂ ਨੂੰ ਮੁੜ ਬਹਾਲ ਕਰਵਾਇਆ। ਹੁਣ ਵਿਰੋਧੀ ਧਿਰ ਵਾਲੇ ਆਪਣੇ ਪਰਿਵਾਰ ਦੇ ਮੈਂਬਰਾਂ ਜਾਂ ਦੋਸਤਾਂ ਨੂੰ ਪਰਦੇ ਪਿੱਛੇ ਮੈਂਬਰ ਵੱਜੋਂ ਰਜਿਸਟਰਡ ਕਰਨ ਦਾ ਕੰਮ ਰਹੇ ਹਨ ਅਤੇ ਵਿਰੋਧੀ ਧਿਰ ਦੇ ਮੈਂਬਰਾਂ ਨੂੰ ਰਜਿਸਟਰਡ ਨਾ ਕਰਨ ਦਾ ਕੋਈ ਨਾ ਕੋਈ ਬਹਾਨਾ ਲੱਭਦੇ ਰਹਿੰਦੇ ਹਨ। ਇਹ ਪਿਛਲੇ ਕਈ ਸਾਲ ਤੋਂ ਹੋ ਰਿਹਾ ਹੈ। ਵੋਟਰਾਂ ਨਾਲ ਇਹ ਫਰਾਡ ਬੰਦ ਕੀਤਾ ਜਾਵੇ।

ਅਸੀਂ ਗੁਰਦੁਆਰਾ ਸਾਹਿਬ ਦੀ ਮੈਂਬਰਸ਼ਿਪ ਸੂਚੀ ਨੂੰ ਸਾਡੇ ਨਾਲ ਸਾਂਝਾ ਕਰਨ ਲਈ ਕਈ ਵਾਰੀ ਇਸ ਕਮੇਟੀ ਨੂੰ ਲਿਖਿਆ ਹੈ। ਗੁਰਦੁਆਰਾ ਸਾਹਿਬ ਦੇ ਬਾਈਲਾਅਜ਼ ਅਤੇ ਕੋਰਟ ਦੇ ਹੁਕਮ ਅਨੁਸਾਰ ਗੁਰਦੁਆਰਾ ਸਾਹਿਬ ਦੇ ਸਾਂਝੇ ਕਾਰਜ ਲਈ ਮੈਂਬਰਸ਼ਿਪ ਸੂਚੀ ਕਿਸੇ ਵੀ ਮੈਂਬਰ ਨਾਲ ਸਾਂਝੀ ਕੀਤੀ ਜਾ ਸਕਦੀ ਹੈ। ਅਸੀਂ ਇਸ ਲਿਸਟ ਲਈ ਇਕ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਬੇਨਤੀ ਕਰ ਰਹੇ ਹਾਂ ਪਰ ਗੁਰਦੁਆਰਾ ਕਮੇਟੀ ਨੇ ਸਾਡੇ ਨਾਲ ਇਹ ਗੱਲ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

2017 ਦੀ ਅਖੌਤੀ ਚੋਣ ਵਿੱਚ ਅਸੀਂ ਚੋਣ ਪ੍ਰਕਿਰਿਆ ਲਈ ਸਹਿਮਤ ਹੋ ਗਏ ਸਾਂ ਕਿਉਂਕਿ ਇਸ ਕਮੇਟੀ ਨੇ ਸਾਨੂੰ ਵਿਸ਼ਵਾਸ ਦਿਵਾਇਆ ਸੀ ਕਿ ਵਿਰੋਧੀ ਧਿਰ ਗੁਰਦੁਆਰੇ ਦੇ ਸਾਂਝੇ ਮਾਮਲਿਆਂ ਵਿਚ ਆਪਣੀ ਰਾਏ ਰੱਖ ਸਕੇਗੀ ਅਤੇ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦੀ ਸਟੇਜ ਉਤੇ ਸਮਾਂ ਦਿੱਤਾ ਜਾਵੇਗਾ ਤਾਂ ਕਿ ਉਹ ਆਪਣੇ ਵਿਚਾਰ ਰੱਖ ਸਕਣ। ਅਸੀਂ ਇਸ ਵਾਸਤੇ ਸੰਗਤ ਦੇ ਪੈਸਿਆਂ ਨੂੰ ਬਚਾਉਣ ਅਤੇ ਬੇਲੋੜੇ ਤਣਾਅ ਤੋਂ ਬਚਣ ਲਈ ਸਹਿਮਤ ਹੋਏ ਪਰ ਗੁਰਦੁਆਰਾ ਕਮੇਟੀ ਆਪਣੇ ਲਿਖਤੀ ਵਾਅਦੇ ਪੂਰੇ ਕਰਨ ਵਿਚ ਅਸਫਲ ਰਹੀ ਹੈ

**1**

**ਅਤੀਤ ਵਿਚ ਇਸ ਕਮੇਟੀ ਨੇ ਵੋਟਰ ਰਜਿਸਟ੍ਰੇਸ਼ਨ ਵਿਚ ਵੱਡੀਆਂ ਬੇਨਿਯਮੀਆਂ ਕੀਤੀਆਂ ਹਨ ਅਤੇ ਜਨਰਲ ਬਾਡੀ ਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਖਾਸ ਤੌਰ 'ਤੇ ਉਹ ਵਿਰੋਧੀ ਧਿਰ ਨਾਲ ਸਬੰਧਿਤ ਮੈਂਬਰ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਨੇ 17 ਅਪ੍ਰੈਲ 2011 ਨੂੰ ਜਨਰਲ ਬਾਡੀ ਨੂੰ ਠੀਕ ਢੰਗ ਨਾਲ ਸੂਚਿਤ ਕੀਤੇ ਬਗੈਰ ਹੀ ਖੁਦ ਨੂੰ ਮੈਂਬਰ ਚੁਣਿਆ ਹੈ। ਇਨ੍ਹਾਂ ਨੇ ਛੇ ਵੱਖ-ਵੱਖ ਅਦਾਲਤਾਂ ਵਿਚ ਅਦਾਲਤੀ ਮੁਕੱਦਮੇ ਹਾਰੇ ਹਨ। ਉਹ ਅਜੇ ਵੀ ਸਿਰਫ ਆਪਣੇ ਹੀ ਸਮਰਥਕਾਂ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਜਨਰਲ ਬਾਡੀ ਦੇ ਮੈਂਬਰਾਂ ਵਜੋਂ ਭਰਤੀ ਕਰ ਰਹੇ ਹਨ।**

**2**

**ਅਸੀਂ ਗੁਰਦੁਆਰਾ ਸਾਹਿਬ ਦੀ ਵਰਤਮਾਨ ਵੋਟਰ ਸੂਚੀ, ਵੋਟਰ ਨੰਬਰ, ਪਤੇ, ਫੋਨ ਨੰਬਰ, ਈਮੇਲ ਪਤਾ (ਜੇਕਰ ਗੁਰਦੁਆਰਾ ਸਾਹਿਬ ਨੂੰ ਦਿੱਤਾ ਗਿਆ ਹੋਵੇ), ਰਜਿਸਟ੍ਰੇਸ਼ਨ ਤਾਰੀਖ ਅਤੇ ਮੈਂਬਰਸ਼ਿਪ ਦੀ ਮਿਆਦ ਪੁੱਗਣ ਦੀ ਤਾਰੀਖ ਸਮੇਤ ਚਾਹੁੰਦੇ ਹਾਂ, ਤਾਂ ਕਿ ਉਨ੍ਹਾਂ ਨਾਲ ਸੰਪਰਕ ਕਰ ਕੇ ਆਪਣਾ ਪੱਖ ਦੱਸ ਸਕੀਏ।**

**3**

**ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਸਾਰੇ ਮੈਂਬਰਾਂ ਨੂੰ ਬਰਾਬਰ ਸਮਝਿਆ ਜਾਵੇ ਅਤੇ ਕਿਸੇ ਨੂੰ ਵੀ ਆਪਣੀ ਮੈਂਬਰਸ਼ਿਪ ਰਜਿਸਟਰੇਸ਼ਨ ਦੀ ਮਿਆਦ ਪੁੱਗਣ ਬਾਰੇ ਜਾਣਨ ਦਾ ਹੱਕ ਹੋਵੇ। ਇਹ ਕੇਵਲ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਗੁਰਦੁਆਰਾ ਮੈਂਬਰਸ਼ਿਪ ਸੂਚੀ ਪ੍ਰਾਪਤ ਕਰ ਕੇ ਮੈਂਬਰਾਂ ਨਾਲ ਸੰਪਰਕ ਕਰਦੇ ਹਾਂ।**

***ਸਾਨੂੰ ਤੁਹਾਡੀ ਮਦਦ ਦੀ ਲੋੜ ਹੈ। ਕ੍ਰਿਪਾ ਕਰਕੇ ਗੁਰਦੁਆਰਾ ਸੁਧਾਰ ਕਮੇਟੀ ਦਾ ਸਮਰਥਨ ਕਰੋ!***

## ਗੁਰਦੁਆਰਾ ਸੁਧਾਰ ਕਮੇਟੀ

**ਹਰਪਾਲ ਸਿੰਘ ਚਾਹਲ** (408) 981-2842

**ਸਰਬਜੋਤ ਸਿੰਘ ਸਵੱਦੀ** (408) 449-1630

**ਨੀਟੂ ਸਿੰਘ ਕਾਹਲੋਂ** (408) 398-1474

**ਹਰਕੇਵਲ ਸਿੰਘ ਸੰਧੂ** (408) 250-6236

ਅਕਾਲ ਸਹਾਇ

ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ

ਖ਼ਾਲਸਈ ਜਾਹੋ ਜਲਾਲ ਦੇ
ਪ੍ਰਤੀਕ ਹੋਲੇ ਮਹੱਲੇ ਦੇ ਪਾਵਨ ਦਿਹਾੜੇ ਨੂੰ ਸਮਰਪਿਤ

# ਅੱਠਵਾਂ ਨਗਰ ਕੀਰਤਨ

## ਸਾਲਾਨਾ ਸਮਾਗਮ 25 ਮਾਰਚ ਤੋਂ 7 ਅਪ੍ਰੈਲ

## ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ



ਦਸਮੇਸ਼ ਪਿਤਾ ਜੀ ਦੁਆਰਾ ਚਲਾਈ ਹੋਈ ਰਵਾਇਤ ਹੋਲੇ ਮਹੱਲੇ ਦੇ ਦਿਹਾੜੇ ਨੂੰ ਸਮਰਪਿਤ ਸਾਲਾਨਾ ਸਮਾਗਮ 25 ਮਾਰਚ ਤੋਂ 7 ਅਪ੍ਰੈਲ ਤੱਕ ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਟਰੇਸੀ ਵਿਖੇ ਬੜੇ ਹੀ ਸ਼ਰਧਾ ਭਾਵਨਾ ਨਾਲ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਨਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀ ਜੱਥੇ ਅਤੇ ਵਿਦਵਾਨ ਗੁਰੂ ਜਸ ਸਰਵਣ ਕਰਾਉਣਗੇ । ਸਰਬਤ ਸੰਗਤਾਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਗੁਰੂ ਸਾਹਿਬਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।



### ਅੰਮ੍ਰਿਤ ਸੰਚਾਰ

6 ਅਪ੍ਰੈਲ ਸਨੀਵਾਰ ਨੂੰ ਦਿਨੇ 11.00 ਵਜੇ ਪੰਜ ਪਿਆਰੇ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ।

### ਪ੍ਰੋਗਰਾਮ:

- 25 ਮਾਰਚ ਸੋਮਵਾਰ ਤੋਂ 6 ਅਪ੍ਰੈਲ ਸ਼ਨੀਵਾਰ ਤੱਕ ਰੋਜ਼ਾਨਾ ਸ਼ਾਮ 6 ਤੋਂ 8:30 ਤੱਕ ਦੀਵਾਨ ਸਜਣਗੇ ।
- 7 ਅਪ੍ਰੈਲ ਐਤਵਾਰ 9:30 ਤੋਂ 12:30 ਵਜੇ ਤੱਕ ਦੀਵਾਨ ਸਜਣਗੇ ।
- ਨਗਰ ਕੀਰਤਨ ਦੀ ਆਰੰਭਤਾ ਐਤਵਾਰ 7 ਅਪ੍ਰੈਲ 2019 ਨੂੰ 1:00 ਵਜੇ ਹੋਵੇਗੀ ।
- ਆਰੰਭ ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ 5 ਅਪ੍ਰੈਲ
  ਭੋਗ ਸ੍ਰੀ ਅਖੰਡ ਪਾਠ ਸਾਹਿਬ ਐਤਵਾਰ 7 ਅਪ੍ਰੈਲ

ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਬਲਬੀਰ ਸਿੰਘ ਸੇਖੋਂ ਸਮੂਹ ਪਰਿਵਾਰ ਵੱਲੋਂ [illegible] ।



ਜਾਰੀ ਕਰਤਾ
**Sharanjit S Dhillon**®
Realtor
BRE License #01924220
**Cell: 209-612-7581**

ਵਲੋਂ : ਬਾਬਾ ਧਰਮ ਸਿੰਘ ਜੀ
ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਦਮਦਮੀ ਟਕਸਾਲ
16101 West Grant Line Rd Tracy CA 95304
ਹੋਰ ਜਾਣਕਾਰੀ ਲਈ ਸੰਪਰਕ ਕਰੋ
209-346-4270

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Sikh Temple Street, Stockton CA 95206 (A Historical Land Mark of CA)**



## 21ਵਾਂ ਮਹਾਨ ਨਗਰ ਕੀਰਤਨ

### 14 ਅਪ੍ਰੈਲ 2019, ਦਿਨ ਐਤਵਾਰ

### ਖ਼ਾਲਸਾ ਪੰਥ ਦੇ 321ਵੇਂ ਸਾਜਨਾ ਦਿਵਸ ਮੌਕੇ

## ਮਹਾਨ ਨਗਰ ਕੀਰਤਨ ਦੀਆਂ

# ਲੱਖ ਲੱਖ ਵਧਾਈਆਂ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਕੀਤੀ ਜਾਂਦੀ ਹੈ ਕਿ 21ਵਾਂ ਮਹਾਨ ਨਗਰ ਕੀਰਤਨ 14 ਅਪ੍ਰੈਲ 2019 , ਦਿਨ ਐਤਵਾਰ ਨੂੰ ਸਜਾਇਆ ਜਾ ਰਿਹਾ ਹੈ ਜੀ। ਇਸ ਵਾਰ ਅੰਮ੍ਰਿਤ ਸੰਚਾਰ ਦਿਨ ਸ਼ਨਿਚਰਵਾਰ ਸਵੇਰੇ 13 **ਅਪ੍ਰੈਲ** 2019, ਗੁਰਦੁਆਰਾ ਸਾਹਿਬ ਵਿਖੇ ਹੋਵੇਗਾ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਅਰੰਭ ਹੈ ਅਤੇ ਦੀਵਾਨ 18 **ਮਾਰਚ** 2019 ਨੂੰ ਸ਼ਾਮ ਛੇ ਵਜੇ ਤੋਂ ਆਰੰਭ ਹੋ ਕੇ 14 **ਅਪ੍ਰੈਲ** 2019 ਤੱਕ ਲਗਾਤਾਰ ਚੱਲਣਗੇ, ਜਿਸ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ ਅੰਬਾਲੇ ਵਾਲੇ, ਭਾਈ ਇੰਦਰਜੀਤ ਸਿੰਘ ਬੰਬੇਵਾਲੇ ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ ਲਗਾਤਾਰ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਜਗਮੋਹਣ ਸਿੰਘ ਜੀ ਅਤੇ ਭਾਈ ਗੁਰਸੇਵਕ ਸਿੰਘ ਜੀ ਦੇ ਹਜ਼ੂਰੀ ਜਥੇ ਵੀ ਸੰਗਤਾਂ ਨੂੰ ਨਿਹਾਲ ਕਰਨਗੇ।



ਭਾਈ ਲਖਵਿੰਦਰ ਸਿੰਘ ਸੋਹਲ ਜੀ ਦਾ ਢਾਡੀ ਜਥਾ



ਭਾਈ ਇੰਦਰਜੀਤ ਸਿੰਘ ਜੀ



ਗੁਰੂਘਰ ਸਟਾਕਟਨ ਦਾ ਹਜ਼ੂਰੀ ਰਾਗੀ ਜਥਾ



ਕਥਾਵਾਚਕ ਗਿਆਨੀ ਸ਼ੇਰ ਸਿੰਘ ਜੀ

### ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਸੰਪਰਕ ਕਰੋ

ਹੈਡ ਗ੍ਰੰਥੀ ਭਾਈ ਗੁਰਸੇਵਕ ਸਿੰਘ 209-625-7500
ਸਕੱਤਰ ਭਾਈ ਦਵਿੰਦਰ ਸਿੰਘ 209-564-8899

### ਨਗਰ ਕੀਰਤਨ 'ਚ ਫਲੋਟ ਲਗਾਉਣ ਲਈ ਸੰਪਰਕ ਕਰੋ

ਭਾਈ ਗੁਰਪ੍ਰੀਤ ਸਿੰਘ ਗਿੱਲ 209-513-8101
ਜਾਂ ਭਾਈ ਬਲਵਿੰਦਰ ਸਿੰਘ ਮਿੱਠੂ 209-456-3210
ਜਾਂ ਭਾਈ ਜਸਵਿੰਦਰ ਸਿੰਘ ਤੂਰ 209-470-6881

### ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਸੰਪਰਕ ਕਰੋ

ਬੀਬੀ ਸਰਬਜੀਤ ਕੌਰ : 209-430-9415
ਭਾਈ ਰਾਮ ਸਿੰਘ ਮੰਡੇਰ : 209-689-7454

### ਪਾਰਕਿੰਗ ਦੀ ਸਹੂਲਤ

ਪਾਰਕਿੰਗ ਦੀ ਸਹੂਲਤ 1658 S. Airport Way Stockton ਵਿਖੇ ਹੋਵੇਗੀ। ਉਥੋਂ ਗੁਰਦੁਆਰਾ ਸਾਹਿਬ ਆਉਣ ਜਾਣ ਲਈ ਫਰੀ ਬੱਸ ਸਰਵਿਸ ਹੋਵੇਗੀ। ਜਿਹੜੀਆਂ ਸੜਕਾਂ 'ਤੇ ਨੋ ਪਾਰਕਿੰਗ ਸਾਈਨ ਹੋਣ ਉਥੇ ਕਾਰਾਂ ਪਾਰਕ ਨਾ ਕੀਤੀਆਂ ਜਾਣ, ਨਹੀਂ ਤਾਂ ਸਿਟੀ ਵਲੋਂ ਟੋਅ ਕਰ ਦਿੱਤੀਆਂ ਜਾਣਗੀਆਂ।

*ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹੁੰਮ-ਹੁਮਾ ਕੇ ਇਸ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਭਾਈ ਜਸਵਿੰਦਰ ਸਿੰਘ ਗੋਰਾਇਆ 209-993-1788**
**ਸਕੱਤਰ ਭਾਈ ਦਵਿੰਦਰ ਸਿੰਘ 209-564-8899, ਖਜ਼ਾਨਚੀ ਭਾਈ ਅਮਰੀਕ ਸਿੰਘ ਵਿਰਦੀ 209-470-6321**

## ਜਾਰੀ ਕਰਤਾ : ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਾਧ ਸੰਗਤ

# STEELE INSURANCE

## AGENCY INC

Grand Shield Insurance strives to offer you quality insurance coverage, a high level of professional service and a long-term relationship We'll research rates and coverage from top insurance companies to find the best insurance rates and insurance plans for you. We do the insurance shopping and comparing for you to save time and money!

- Specialize in Personal line insurance
- Auto Home life Umbrella and Commercial
- We have special discount as 20% Multi Policy Discount
- Occupational Discount 12% for Teacher, Doctors Engineers, Firefighter, RN nurse, Business Owner
- AARP membership discount 30%
- Good Students discount 3.0 GPA
- Four year College degree (Alumni) discount
- Multi car discount




- TERM LIFE
- RETURN OF PREMIUM LIFE
- UNIVERSAL LIFE
- INDEXED UNIVERSAL LIFE
- VARIABLE UNIVERSAL LIFE
- WHOLE LIFE
- ANNUITIES

**Working hard with Honesty & intergrity to protect your Financial Future**



# Ranjit Singh

**A Member of Steele Insurance Agency, Inc.**

**Insurance Broker, Lic#OH78402**

**Doing the Right Things for Our Clients and Their Families Everyday...**

**... Leads Us to Success as well as Our Company."**

Allied Insurance | FIDELITY NATIONAL INSURANCE COMPANY | CSE | MERCURY INSURANCE GROUP | FINANCIAL PACIFIC | Safeco Insurance
CNA | MetLife | Kemper | Philadelphia Insurance Companies | FOREMOST INSURANCE GROUP | The Hartford
CommerceWest Insurance | Midwest Insurance Agency | Kansas City Life | PROGRESSIVE | GeoVera | TRAVELERS
GMAC Insurance | TheZenith Workers' Compensation Specialists | PersonalUmbrella.com | ZURICH

# 17900 Murphy Park Way Lathrop, CA. 95330

**209-956-1000,Office-408-355-5700,Bay Area-888-246-1228 Fax**

**RSingh@siainc.net, www.SteeleInsuranceAgency.net**

# ਗੁਰਦੁਆਰਾ ਸਾਹਿਬ ਐਲਸਬਰਾਂਟੇ

3550 Hillcrest Road El-Sobrante, California 94803





ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਫਤਹਿ

# ਹੋਲਾ ਮਹੱਲਾ ਗੁਰਦੁਆਰਾ ਐਲਸਬਰਾਂਟੇ

ਬੇ-ਏਰੀਆ (ਕੈਲੀਫੋਰਨੀਆਂ) ਦੀਆਂ ਸਮੁੱਚੀਆਂ ਸਿੱਖ ਸੰਗਤਾਂ ਅਤੇ ਗੁਰਦੁਆਰੇ ਦੀ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਹੋਲਾ-ਮਹੱਲਾ ਬੜੀ ਸ਼ਰਧਾ-ਭਾਵਨਾ ਨਾਲ ਮਿਤੀ 24 ਮਾਰਚ 2019 (ਦਿਨ ਐਤਵਾਰ) ਨੂੰ ਮਨਾਇਆ ਜਾ ਰਿਹਾ ਹੈ। ਸਮੁੱਚੀਆਂ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸਮਾਗਮ ਦੀ ਰੂਪ ਰੇਖਾ ਹੇਠ ਲਿਖੇ ਅਨੁਸਾਰ ਹੈ**

**ਸ੍ਰੀ ਅਖੰਠ ਪਾਠ ਦੀ ਆਰੰਭਤਾ ਮਿਤੀ 03/22/2019 ਠੀਕ 10 ਵਜੇ ਕੀਤੀ ਜਾਵੇਗੀ।**

**ਭੋਗ ਸ੍ਰੀ ਅਖੰਡ ਪਾਠ ਸਾਹਿਬ ਮਿਤੀ 03/24/2019 ਦਿਨ ਐਤਵਾਰ ਨੂੰ ਪਾਏ ਜਾਣਗੇ।**

ਉਪਰੰਤ ਗੁਰੂਘਰ ਦੇ ਹਾਜ਼ੂਰੀ ਰਾਗੀ ਜੱਥੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਪੰਥ ਦਾ ਮਹਾਨ ਢਾਡੀ ਜਥਾ (ਲਖਵਿੰਦਰ ਸਿੰਘ ਸੋਹਲ) ਪਹੁੰਚ ਰਿਹਾ ਹੈ ਜੋ ਸਿੱਖ ਸੰਗਤਾਂ ਨੂੰ ਸਿੱਖ ਇਤਿਹਾਸ ਸੁਣਾ ਕਿ ਨਿਹਾਲ ਕਰੇਗਾ। ਠੀਕ 2 ਵਜੇ ਕੈਲੀਫੋਰਨੀਆ ਗਤਕਾ ਦਲ ਵੱਲੋਂ ਗੁਰਦੁਆਰਾ ਐਲਸਬਰਾਂਟੇ ਵਿਖੇ ਗਤਕੇ ਦੇ ਜੌਹਰ ਵਿਖਾਏ ਜਾਣਗੇ।

**ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਹੇਠ ਲਿਖੇ ਨਾਮਾਂ ਅਤੇ ਫ਼ੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ।**

| | | | | |
|---|---|---|---|---|
| ਚਰਨਜੀਤ ਸਿੰਘ ਸਮਰਾ (415)-269- 6987) | ਭਾਈ ਦੀਦਾਰ ਸਿੰਘ (ਗਤਕਾ ਦੱਲ) (510)-417-6559) | ਬਲਵੰਤ ਸਿੰਘ ਮੱਲ੍ਹਾ (ਸੀਨੀਅਰ ਪੱਤਰਕਾਰ) (707)-310-5676) | ਹਰਜਿੰਦਰਪਾਲ ਸਿੰਘ ਸਿੱਧੂ (510)-316-6982) | ਕੁਲਵੰਤ ਸਿੰਘ (510)-417-5657) |
| ਦਰਸ਼ਨ ਸਿੰਘ ਮਾਨ (925)-348-6171). | ਰਾਵਿੰਦਰ ਸਿੰਘ ਰੰਧਾਵਾ (510)-684-2805) | ਇੰਦਰਜੀਤ ਸਿੰਘ ਮੱਲ੍ਹੀ (510)-774-4118 | ਹਰਜਾਪ ਸਿੰਘ (510)-551-4146 | ਹਰਪ੍ਰੀਤ ਸਿੰਘ ਸੰਧੂ (510)-504-3374 |

ਧੰਨਵਾਦ ਸਹਿਤ ਜਾਰੀ ਕਰਤਾ

# ਸਮੁੱਚੀਆਂ ਸਿੱਖ ਸੰਗਤਾਂ ਤੇ ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਲਸਬਰਾਂਟੇ ਕੈਲੀਫੋਰਨੀਆ (ਬੇ-ਏਰੀਆ)

# Sikh Religious Society

*Celebrates*

## 10th Annual KarSeva Day

(Passion for Caring, Sharing & Community Harmony)

**March 24, 2019**

**Join**

- Participate to recite Akhand Path
- Help to organize this event
- Be a leader

**Support**

- Donate
- Personal labor - Select a project and get involved
- Provide thought leadership

**Connect**

- Spread this message to Sangat
- Connect community youth to Karseva



**KarSeva: Selfless Humanitarian Service in Glory of Akal Purakh**
**Please Join and encourage youth sevadaars**

SIKH Religious Society
PALATINE GURDWARA

1280 Winnetka St. Palatine IL 60067 Phone: (847)358 1117
Email: contactus@srschicago.org | Web: srschicago.org

https://www.facebook.com/srs.seva

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**Home for Sale:**
163 Tannehill Drive, Manteca, CA 95337
4 Bedroom 3 Bath
3236 sqft home 7792 sqft lot, Built in 2003
**$475,000**



**Home for Sale:**
2165 Capistrano Street, Manteca, CA 95337
5 Bedroom 3 Bath
2939 sqft home 8084 sqft lot, Built in 2009
**$545,000**

**Home for Sale:** 1643 Langum Way, Manteca, CA 95337, 4 Bedroom 3 Bath, 2045 sqft home 7910 sqft lot Built in 2005, Pool in backyard, Open house 03/10 11:30 AM- 3:00 PM **$432,900**

- **10 Acres commercial and Industrial lot available on West Yosemite ave Manteca listed at 3.8 Million. Permitted for truck yard, storage and repair.**
- **15 Acres industrial land available in French Camp listed at 5.1 million, prime corner lot, permitted for truck parking, truck wash, truck repair and warehousing.**
- **5 duplex under construction will be ready in September, 2019. listed at $599,000 each duplex.**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**





# 22

## GET FLAT 22 CENTS DISCOUNT AT

TA TravelCenters of America

PETRO Stopping Centers®






## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com

# ਪਟਨਾ ਤਖ਼ਤ ਕਮੇਟੀ ਦਾ ਜਥੇਦਾਰ ਇਕਬਾਲ ਸਿੰਘ ਬਾਰੇ ਸਹੀ ਫੈਸਲਾ

**ਰਜਿੰਦਰ ਸਿੰਘ**

ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਜਾਰੀ ਕੀਤੇ ਗਏ ਆਦੇਸ਼ ਨੂੰ ਪ੍ਰਵਾਨ ਕਰਦਿਆਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿੱਤ ਦੀ ਅਗਵਾਈ ਵਿਚ ਕਮੇਟੀ ਮੈਂਬਰਾਂ ਦੀ ਵਿਸ਼ੇਸ਼ ਇਕੱਤਰਤਾ ਵਿਚ ਜਥੇਦਾਰ ਗਿਆਨੀ ਇਕਬਾਲ ਸਿੰਘ ਦਾ 2 ਦਿਨ ਪਹਿਲਾਂ ਦਿੱਤਾ ਗਿਆ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ, ਜੋ ਕਿ ਸਿਧਾਂਤਕ ਤੌਰ ’ਤੇ ਸਹੀ ਫੈਸਲਾ ਹੈ। ਇਸ ਸਬੰਧੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਖ਼ਾਸ ਏਲਚੀ ਰਾਹੀਂ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਤੇ ਮੈਂਬਰਾਂ ਲਈ ਇਕ ਪੱਤਰ ਨੰ: 3428 ਦਸਤੀ ਤੌਰ ’ਤੇ ਭੇਜਿਆ ਸੀ। ਇਸ ਪੱਤਰ ਵਿਚ ਪ੍ਰਬੰਧਕੀ ਬੋਰਡ ਨੂੰ ਆਦੇਸ਼ ਦਿੱਤਾ ਗਿਆ ਕਿ ਜਥੇਦਾਰ ਗਿਆਨੀ ਇਕਬਾਲ ਸਿੰਘ ਦਾ ਅਸਤੀਫ਼ਾ ਪ੍ਰਵਾਨ ਕੀਤਾ ਜਾਵੇ ਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਮਾਣ ਮਰਿਆਦਾ ਅਨੁਸਾਰ ਅਗਲੇਰਾ ਲੋੜੀਂਦਾ ਪ੍ਰਬੰਧ ਕੀਤਾ ਜਾਵੇ। ਪਟਨਾ ਸਾਹਿਬ ਵਿਖੇ ਹੋਈ ਇਸ ਇਕੱਤਰਤਾ ਵਿਚ ਪ੍ਰਧਾਨ ਅਵਤਾਰ ਸਿੰਘ ਹਿਤ ਤੋਂ ਇਲਾਵਾ ਕਮੇਟੀ ਦੇ ਮੈਂਬਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਇੰਦਰਜੀਤ ਸਿੰਘ ਮੀਤ ਪ੍ਰਧਾਨ, ਸੁਰਿੰਦਰ ਸਿੰਘ ਰੁਮਾਲਿਆਂ ਵਾਲੇ ਆਦਿ ਮੌਜੂਦ ਸਨ। ਇਸ ਇਕੱਤਰਤਾ ਵਿਚ 14 ਵਿਚੋਂ ਕਮੇਟੀ ਦੇ 10 ਮੈਂਬਰ ਹਾਜ਼ਰ ਸਨ। ਪ੍ਰਬੰਧਕੀ ਬੋਰਡ ਵਲੋਂ ਗਿਆਨੀ ਰਜਿੰਦਰ ਸਿੰਘ ਨੂੰ ਅਗਲੇ ਹੁਕਮਾਂ ਤੱਕ ਤਖ਼ਤ ਸਾਹਿਬ ਦੇ ਅੰਦਰਲੇ ਪ੍ਰਬੰਧਾਂ ਦੀ ਸੇਵਾ ਨਿਭਾਉਣ ਦੀ ਜ਼ਿੰਮੇਵਾਰੀ ਦੇ ਦਿੱਤੀ ਗਈ ਹੈ। ਤੁਹਾਨੂੰ ਯਾਦ ਕਰਵਾ ਦੇਈਏ ਕਿ ਗਿਆਨੀ ਇਕਬਾਲ ਸਿੰਘ ਕਈ ਵਿਵਾਦਾਂ ਵਿੱਚ ਘਿਰੇ ਹੋਏ ਸੀ। ਉਨ੍ਹਾਂ ਉਪਰ ਦੋ ਵਿਆਹ ਕਰਵਾਉਣ, ਦੂਜੀ ਪਤਨੀ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਉਨ੍ਹਾਂ ਦੇ ਬੇਟੇ ਵੱਲੋਂ ਸ਼ਰੇਆਮ ਸਿਗਰਟਨੋਸ਼ੀ ਕਰਨ ਦੇ ਇਲਜ਼ਾਮ ਸਨ। ਇਕਬਾਲ ਸਿੰਘ ’ਤੇ ਇਲਜ਼ਾਮ ਸੀ ਕਿ ਜਥੇਦਾਰ ਨੇ ਦੋ ਵਿਆਹ ਕਰਵਾਏ ਹਨ। ਉਨ੍ਹਾਂ ਦੇ ਚਾਲ-ਚਲਣ ਠੀਕ ਨਹੀਂ ਹਨ ਤੇ ਉਹ ਆਰਐਸਐਸ ਦੇ ਏਜੰਟ ਹਨ। ਗਿਆਨੀ ਇਕਬਾਲ ਸਿੰਘ ਆਰ.ਐਸ.ਐਸ ਦੇ ਨਾਲ ਮਿਲ ਕੇ ਸਿੱਖ ਪੰਥ ਨਾਲ ਧ੍ਰੋਹ ਕਮਾਉਂਦੇ ਰਹੇ ਹਨ ਅਤੇ ਪੰਥ ਮਾਰੂ ਨੀਤੀਆਂ ਵਿਚ ਹਿੱਸਾ ਲੈ ਕੇ ਸਿੱਖ ਪੰਥ ਦਾ ਘਾਣ ਕਰ ਰਹੇ ਹਨ। ਇਸ ਸੰਬੰਧੀ ਗੁਗਲ ਵਿਚ ਉਨ੍ਹਾਂ ਦੀਆਂ ਤਸਵੀਰਾਂ ਆਰ ਐਸ ਐਸ ਮੁਖੀ ਮੋਹਨ ਭਾਗਵਤ ਨਾਲ ਦੇਖੀਆ ਜਾ ਸਕਦੀਆਂ ਹਨ।



ਯਾਦ ਰਹੇ ਕਿ ਅਕਾਲ ਤਖ਼ਤ ਸਾਹਿਬ ਵਲੋਂ ਪੁੱਜੀਆਂ ਸ਼ਿਕਾਇਤਾਂ ਦੀ ਪੜਤਾਲ ਕਰਨ ਲਈ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਉਕਤ ਕਮੇਟੀ ਵਲੋਂ 4 ਮਾਰਚ ਨੂੰ ਪੇਸ਼ ਕੀਤੀ ਰਿਪੋਰਟ ਅਨੁਸਾਰ ਜਥੇਦਾਰ ਗਿਆਨੀ ਇਕਬਾਲ ਸਿੰਘ ਨਾਲ ਵਿਚਾਰ ਕਰਨ ਲਈ ਪਟਨਾ ਸਾਹਿਬ ਵਿਖੇ ਪੁੱਜੇ ਸਬ-ਕਮੇਟੀ ਮੈਂਬਰਾਂ ਦੇ ਵਫ਼ਦ ਨੂੰ ਮਿਲਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ ਸੀ। ਕਮੇਟੀ ਨੇ ਮੀਟਿੰਗ ਕਰਕੇ ਕੀਤੀ ਵਿਚਾਰ ਉਪਰੰਤ ਜਥੇਦਾਰ ਦੇ ਅਸਤੀਫ਼ੇ ਨੂੰ ਪ੍ਰਵਾਨ ਕਰਨ ਦੀ ਸਿਫ਼ਾਰਸ਼ ਕੀਤੀ ਹੈ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਕਹਿਣਾ ਹੈ ਕਿ ਗਿਆਨੀ ਇਕਬਾਲ ਸਿੰਘ ਉੱਪਰ ਲੱਗੇ ਦੋਸ਼ ਸਹੀ ਪਾਏ ਗਏ ਤਾਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਤਲਬ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗਿਆਨੀ ਇਕਬਾਲ ਸਿੰਘ ਉੱਪਰ ਲੱਗੇ ਦੋਸ਼ਾਂ ਦੀ ਸੱਤ ਮੈਂਬਰੀ ਪੜਤਾਲੀਆ ਕਮੇਟੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। ਗਿਆਨੀ ਇਕਬਾਲ ਸਿੰਘ ਆਪਣੇ ਦੋਸ਼ਾਂ ਬਾਰੇ ਹਾਲੇ ਤੱਕ ਆਪਣਾ ਵਧੀਆ ਤੇ ਠੋਸ ਪੱਖ ਪੇਸ਼ ਨਹੀਂ ਕਰ ਸਕੇ। ਪਰ ਉਨ੍ਹਾਂ ਨੇ ਗਿਆਨੀ ਗੁਰਬਚਨ ਸਿੰਘ ਸਾਬਕਾ ਜਥੇਦਾਰ ਅਕਾਲ ਤਖ਼ਤ ਤੇ ਹੋਰ ਸਿੰਘ ਸਾਹਿਬਾਨਾਂ ਦੇ ਭੇਦ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ। ਗਿਆਨੀ ਇਕਬਾਲ ਸਿੰਘ ਦਾ ਕਹਿਣਾ ਹੈ ਕਿ ਇਹ ਕੰਮ ਉਸ ਵੇਲੇ ਦੇ ਤਖ਼ਤ ਸ਼੍ਰੀ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਆਪਣੇ ਇੱਕ ਨਜ਼ਦੀਕੀ ਅਤੇ ਵਿਸ਼ਵਾਸਪਾਤਰ ਨੂੰ ਦਿੱਲੀ ਤੋਂ ਬੁਲਾ ਕੇ ਕਰਵਾਇਆ ਸੀ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ’ਤੇ ਰੱਖੇ ਕੰਪਿਊਟਰ ਰਾਹੀਂ ਡੇਰਾ ਮੁਖੀ ਦੀ ਚਿੱਠੀ ’ਤੇ ‘ਖਿਮਾਂ ਦਾ ਜਾਚਕ’ ਅੱਖਰ ਦਰਜ਼ ਕਰਵਾ ਦਿੱਤੇ ਸਨ। ਗਿਆਨੀ ਹੁਰਾਂ ਕਿਹਾ ਕਿ ਉਨ੍ਹਾਂ ਨੇ ਉਸ ਛੇੜਛਾੜ ਕੀਤੀ ਗਈ ਚਿੱਠੀ ’ਤੇ ਹਸਤਾਖ਼ਰ ਇਸ ਪ੍ਰਭਾਵ ਹੇਠ ਕਰ ਦਿੱਤੇ ਸਨ ਕਿ ਅਜਿਹਾ ਕਰਨ ਨਾਲ ਪੰਜਾਬ ਵਿੱਚ ਸ਼ਾਂਤੀ ਕਾਇਮ ਹੋਵੇਗੀ। ਉਨ੍ਹਾਂ ਕਿਹਾ ਕਿ ਅਸਲ ਜ਼ਮੀਨੀ ਹਲਾਤ ਤੋਂ ਉਹ ਜਾਣੂ ਨਹੀਂ ਸਨ। ਜਥੇਦਾਰ ਅਨੁਸਾਰ 16 ਅਕਤੂਬਰ 2015 ਨੂੰ ਜਦੋਂ ਉਨ੍ਹਾਂ ਨੂੰ ਦੁਆਰਾ ਬੁਲਾਇਆ ਗਿਆ ਤਾਂ ਡੇਰਾ ਮੁਖੀ ਦੀ ਜਿਸ ਚਿੱਠੀ ਨਾਲ ਛੇੜਛਾੜ ਕੀਤੀ ਗਈ ਸੀ ਉਸ ਅੰਦਰ ਬਾਅਦ ਵਿੱਚੋਂ ਛੇੜਛਾੜ ਕਰਕੇ ਦਰਜ਼ ਕੀਤੇ ਗਏ ਅੱਖਰ ਹਟਾ ਦਿੱਤੇ ਗਏ ਸਨ।

ਯਾਦ ਰਹੇ ਕਿ ਸਾਲ 2015 ਦੌਰਾਨ ਜਿਸ ਵੇਲੇ ਰਾਮ ਰਹੀਮ ਨੂੰ ਮਾਫੀ ਦਿੱਤੀ ਗਈ ਸੀ, ਉਸ ਵੇਲੇ ਗਿਆਨੀ ਇਕਬਾਲ ਸਿੰਘ ਵੀ ਉਨ੍ਹਾਂ ਪੰਜਾਂ ਜਥੇਦਾਰਾਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਉਸ ਮਾਫੀਨਾਮੇ ’ਤੇ ਹਸਤਾਖ਼ਰ ਕੀਤੇ ਸਨ। ਇਨ੍ਹਾਂ ਪੰਜਾਂ ਜਥੇਦਾਰਾਂ ਵਿੱਚੋਂ 3 ਜਥੇਦਾਰ ਨਿਯਮਾਂ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਸਨ ਤੇ 2 ਜਥੇਦਾਰ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ, ਜੋ ਕਿ ਸ਼੍ਰੋਮਣੀ ਕਮੇਟੀ ਦੇ ਸਿੱਧੇ ਤੌਰ ’ਤੇ ਅਧੀਨ ਨਹੀਂ ਹਨ। ਪਰ ਸੁਆਲ ਪੈਦਾ ਹੁੰਦਾ ਹੈ ਕਿ ਇਸ ਸਾਜ਼ਿਸ਼ ਦਾ ਜਥੇਦਾਰ ਇਕਬਾਲ ਸਿੰਘ ਕਿਉਂ ਹਿੱਸਾ ਬਣੇ ਰਹੇ ?

ਸਾਬਕਾ ਜਥੇਦਾਰ ਇਕਬਾਲ ਸਿੰਘ ਤਖ਼ਤ ਆਪਣੇ ਅਹੁਦੇ ਤੋਂ ਛੁੱਟੀ ਪਿੱਛੋਂ ਗੁੱਟਬਾਜ਼ੀ ਪੈਦਾ ਕਰ ਰਹੇ ਹਨ, ਜਿਸ ਕਾਰਨ ਹਿੰਸਾ ਫੈਲਣ ਦਾ ਖਤਰਾ ਹੋ ਗਿਆ ਹੈ। ਇਸ ਕਾਰਨ ਦੋ ਧੜੇ ਆਪਸ ਵਿਚ ਭਿੜੇ ਵੀ ਹਨ। ਜਥੇਦਾਰ ਇਕਬਾਲ ਸਿੰਘ ਦੀਆਂ ਨੀਤੀਆਂ ਤੋਂ ਪਤਾ ਲੱਗਦਾ ਹੈ ਕਿ ਭਗਵੇਂਵਾਦ ਤੇ ਭਗਵੀਂ ਨੀਤੀਆਂ ਦੇ ਤਹਿਤ ਉਹ ਸਿੱਖ ਧਰਮ ਵਿਚ ਦਖਲਅੰਦਾਜ਼ੀ ਕਰ ਰਹੇ ਹਨ, ਹਾਲਾਂਕਿ ਉਹ ਅਨੇਕਾਂ ਦੁਰਾਚਾਰੀ ਦੋਸ਼ਾਂ ਵਿਚ ਘਿਰੇ ਹੋਏ ਹਨ। ਅਜਿਹੇ ਵਿਅਕਤੀ ਦਾ ਜਥੇਦਾਰ ਬਣਨਾ ਤੇ ਰਹਿਣਾ ਠੀਕ ਨਹੀਂ। ਕਮੇਟੀ ਨੇ ਤੇ ਅਕਾਲ ਤਖ਼ਤ ਸਾਹਿਬ ਨੇ ਇਸ ਸਬੰਧੀ ਜੋ ਫੈਸਲਾ ਕੀਤਾ ਹੈ, ਉਹ ਉਚਿਤ ਹੈ। ਸਮੁੱਚੀ ਸੰਗਤ ਤੇ ਪੰਥਕ ਜਥੇਬੰਦੀਆਂ ਨੂੰ ਜਥੇਦਾਰ ਇਕਬਾਲ ਸਿੰਘ ਦਾ ਕਰੜਾ ਵਿਰੋਧ ਕਰਨਾ ਚਾਹੀਦਾ ਹੈ, ਜੋ ਹਮੇਸ਼ਾ ਆਰਐਸਐਸ ਦਾ ਟੂਲ ਬਣੇ ਰਹੇ।


# WHITE HAWK TRUCKING INC

## *Need Drivers & Owner Operators*

**Dedicated Load (ਪੱਕੇ ਲੋਡ)**

**Immediate Payment Option**

**West Coast I-5 Route**



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

*Call for more Info:*

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

**2101 MARTIN LUTHER KING JR WAY STOCKTON, CA 95205**

ਸ਼ਹਾਦਤ ਤੇ ਵਿਸ਼ੇਸ਼

# ਮਹਾਨ ਸਿੱਖ ਜਰਨੈਲ ਅਕਾਲੀ ਫੂਲਾ ਸਿੰਘ

**ਧਰਮਿੰਦਰ ਸਿੰਘ ਵੜੈਚ**

ਅਕਾਲੀ ਫੂਲਾ ਸਿੰਘ ਨਿਹੰਗ ਸਿੰਘ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦੇ ਮਹਾਨ ਸਿੱਖ ਜਰਨੈਲ ਹੋਏ ਹਨ। ਅਕਾਲੀ ਫੂਲਾ ਸਿੰਘ ਦਾ ਜਨਮ ੧੭੬੦ ਈ: ਵਿਚ ਪਿਤਾ ਸ੍ਰ. ਈਸ਼ਰ ਸਿੰਘ ਤੇ ਮਾਤਾ ਹਰਿ ਕੌਰ ਦੇ ਘਰ ਪਿੰਡ ਸ਼ੀਹਾਂ ਜਿਲ੍ਹਾ ਸੰਗਰੂਰ ਵਿੱਚ ਹੋਇਆ। ਆਪ ਦੋ ਭਰਾ ਸਨ। ਸ੍ਰ. ਸੰਤ ਸਿੰਘ ਛੋਟਾ ਸੀ। ਬਚਪਨ ਤੋਂ ਕੁਝ ਸਮੇਂ (ਦੋ ਸਾਲ) ਬਾਅਦ ਹੀ ਆਪ ਦੇ ਪਿਤਾ ਸ੍ਰ. ਈਸ਼ਰ ਸਿੰਘ ਜਦ ੧੭੬੨ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹੱਲਾ ਬੋਲਿਆ ਤਾਂ ਆਪ ਦੇ ਪਿਤਾ ਸ੍ਰ. ਈਸ਼ਰ ਸਿੰਘ ਦੀ ਨਿਸ਼ਾਨ ਵਾਲੀ ਮਿਸਲ ਨੇ ਵੱਧ ਚੜ੍ਹ ਕੇ ਵੈਰੀਆਂ ਦਾ ਟਾਕਰਾ ਕੀਤਾ। ਇਸੇ ਲੜਾਈ ਦੌਰਾਨ ਕਈ ਸਿੰਘ ਸ਼ਹੀਦ ਹੋ ਗਏ ਉਪਰੰਤ ਆਪ ਦੇ ਪਿਤਾ ਦੇ ਵੀ ਕਾਫੀ ਡੂੰਘਾ ਫੱਟ ਲੱਗਾ। ਇਸੇ ਦੌਰਾਨ ਆਪ ਨੂੰ ਪਿੰਡ ਪਹੁਚਾਇਆ ਗਿਆ। ਆਪ ਦੇ ਪਿਤਾ ਨੇ ਆਪ ਦੋਵਾਂ ਭਰਾਵਾਂ ਨੂੰ ਆਪਣੇ ਸੱਤਸੰਗੀ ਜਨ ਸ੍ਰ. ਨਰੈਣ ਸਿੰਘ ਦੇ ਹਵਾਲੇ ਕਰਕੇ, ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਸ਼ਹੀਦ ਹੋ ਗਏ। ਬਾਬਾ ਨਰੈਣ ਸਿੰਘ ਨੇ ਦੋਵਾਂ ਭਰਾਵਾਂ ਨੂੰ ਧਾਰਮਿਕ ਵਿਦਿਆ, ਸ਼ਸਤਰ ਵਿਦਿਆ ਤੇ ਘੋੜ ਸਵਾਰੀ ਵਿੱਚ ਨਿਪੁੰਨ ਕਰ ਦਿੱਤਾ ਸੀ। ਉਸ ਸਮੇਂ ਆਪ ਦੀ ਉਮਰ ੧੪ ਸਾਲ ਸੀ ਕਿ ਆਪ ਦੀ ਮਾਤਾ ਪੌੜੀ ਤੋਂ ਡਿੱਗਣ ਕਾਰਣ ਰੱਬ ਨੂੰ ਪਿਆਰੀ ਹੋ ਗਈ। ਆਪਣੀ ਮਾਤਾ ਦੇ ਸਸਕਾਰ ਤੋਂ ਬਾਅਦ ਆਪ ਆਪਣਾ ਘਰ ਬਾਰ ਛੱਡ ਕੇ ਤੇ ਬਾਬਾ ਨਰੈਣ ਸਿੰਘ ਪਾਸੋਂ ਅੰਮ੍ਰਿਤ ਛੱਕ ਕੇ ਸ਼ਹੀਦਾਂ ਦੀ ਮਿਸਲ ਵਿੱਚ ਦਾਖਲ ਹੋ ਕੇ ਆਪ ਨੇ ਸਾਦਾ ਜੀਵਨ ਬਿਤਾਣਾ ਸ਼ੁਰੂ ਕਰ ਦਿੱਤਾ। ਆਪ ਨੇ ਅਨੰਦਪੁਰ ਸਾਹਬ ਵਿੱਚ ਧਰਮ ਖਾਤਰ ਕਈ ਲੜਾਈਆਂ ਲੜੀਆਂ।ਆਪ ਦਾ ਮਾਨ ਸਨਮਾਨ ਤੇ ਰੁੱਤਬਾ ਸਾਰੇ ਜਥੇ ਵਿੱਚ ਬਹੁਤ ਵੱਧ ਗਿਆ ਸੀ। ਜਦ ੧੮੦੦ ਈ: ਵਿੱਚ ਬਾਬਾ ਨਰੈਣ ਸਿੰਘ ਪਰਲੋਕ ਸੁਧਾਰ ਗਏ ਤਾਂ ਆਪ ਨੂੰ ਜਥੇ ਦਾ ਜਥੇਦਾਰ ਥਾਪਿਆ ਗਿਆ। ਫਿਰ ਅੰਮ੍ਰਿਤਸਰ ਸਾਹਬ ਦੇ ਗੁਰਦਆਰਿਆ ਦੀ ਸੇਵਾ ਸੰਭਾਲ ਲਈ ਆਪ ਅੰਮ੍ਰਿਤਸਰ ਸਾਹਬ ਆ ਗਏ। ਬੁਰਜ਼ ਅਕਾਲੀ ਫੂਲਾ ਸਿੰਘ ਵਿਖੇ ਆਪ ਨੇ ਆਪਣੀ ਰਿਹਾਇਸ਼ ਰੱਖੀ। ਜਦ ਮਹਾਰਾਜਾ ਰਣਜੀਤ ਸਿੰਘ ਨੇ ੧੮੦੧-੦੨ ਦਰਮਿਆਨ ਅੰਮ੍ਰਿਤਸਰ ਨੂੰ ਆਪਣੇ ਰਾਜ ਵਿੱਚ ਮਿਲਾਉਣ



ਖਾਤਰ ਹਮਲਾ ਕੀਤਾ ਤਾਂ ਭੰਗੀ ਸਰਦਾਰਾਂ ਅਤੇ ਮਹਾਰਾਜਾ ਦੀ ਅਕਾਲੀ ਫੂਲਾ ਸਿੰਘ ਨੇ ਸੁਲ੍ਹਾ ਕਰਵਾ ਕੇ ਸਿੱਖਾਂ ਨੂੰ ਆਪਸ ਵਿੱਚ ਲੜਨੋਂ ਰੋਕਿਆ ਤੇ ਭੰਗੀ ਸਰਦਾਰਾਂ ਨੂੰ ਮਹਾਰਾਜੇ ਨੇ ਜਗੀਰ ਬਖਸ਼ ਦਿੱਤੀ। ਇਸ ਨਾਲ ਅੰਮ੍ਰਿਤਸਰ ਤੇ ਮਹਾਰਾਜਾ ਸਾਹਬ ਦਾ ਕਬਜਾ ਹੋ ਗਿਆ।ਮਹਾਰਾਜਾ ਸਾਹਬ ਨੇ ਦਰਬਾਰ ਸਾਹਬ ਦੇ ਟਹਿਲੇ ਲਈ ਬਹੁਤ ਸਾਰੀ ਮਾਇਆ ਅਰਦਾਸ ਕਰਾਈ। ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਲਈ ਕਈ ਜੰਗਾਂ ਲੜੀਆਂ। ਕਸੂਰ ਦੀ ਜੰਗ ਦੌਰਾਨ ਅਕਾਲੀ ਫੂਲਾ ਸਿੰਘ ਨੇ ਆਪਣੀ ਬਹਾਦਰੀ ਦੇ ਐਸੇ ਜੋਹਰ ਵਿਖਾਏ ਕਿ ਮਹਾਰਾਜਾ ਰਣਜੀਤ ਸਿੰਘ ਅਸ਼-ਅਸ਼ ਕਰ ਉਠੇ। ਜਦ ਖਾਲਸਈ ਦਲ ਨੇ ਕਸੂਰ ਨੂੰ ਜਾ ਘੇਰਾ ਪਾਇਆ ਤਾਂ ਕੁਤਬਦੀਨ ਬਹੁਤ ਵੱਡੇ ਤੇ ਮਜ਼ਬੂਤ ਕਿਲ੍ਹੇ ਵਿਚ ਬੈਠਾ ਸੀ। ਅਕਾਲੀ ਫੂਲਾ ਸਿੰਘ ਨੇ ਤੋਪਾਂ ਬੀੜ ਕੇ ਗੋਲੇ ਵਰਸਾਏ। ਕੁਤਬਦੀਨ ਵੀ ਬੜੀ ਬਹਾਦਰੀ ਨਾਲ ਲੜਿਆ।ਉਸ ਨੇ ਲੜਾਈ ਨੂੰ ਕਈ ਦਿਨਾਂ ਤਕ ਲਮਕਾਈ ਰੱਖਿਆ। ਅੰਤ ਅਕਾਲੀ ਫੂਲਾ ਸਿੰਘ ਨੇ ਰਾਤੋ-ਰਾਤ ਕਿਲ੍ਹੇ ਦੀਆਂ ਦੀਵਾਰਾਂ ਹੇਠ ਸੁਰੰਗਾਂ ਲਗਾ ਕੇ ਬਾਰੂਦ ਭਰ ਦਿੱਤਾ ਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਬਾਰੂਦ ਨਾਲ ਕਿਲ੍ਹੇ ਦੀਆਂ ਦੀਵਾਰਾਂ ਨੂੰ ਉਡਾ ਦਿੱਤਾ। ਕਿਲ੍ਹੇ ਦੀਆਂ ਕੰਧਾਂ ਢਹਿ ਗਈਆਂ ਤਾਂ ਉਸੇ ਵਕਤ ਆਪ ਨੇ ਹਮਲਾ ਕਰਕੇ ਕਿਲ੍ਹੇ 'ਤੇ ਆਪਣਾ ਕਬਜ਼ਾ ਜਮਾ ਲਿਆ। ਕੁਤਬਦੀਨ ਨੂੰ ਫੜ ਕੇ ਮਹਾਰਾਜੇ ਦੇ ਪੇਸ਼ ਕੀਤਾ ਗਿਆ। ਕੁਤਬਦੀਨ ਦੀ ਅਰਜੋਈ 'ਤੇ ਮਹਾਰਾਜੇ ਨੇ ਉਸ ਦਾ ਗੁਨਾਹ ਬਖਸ਼ ਦਿੱਤਾ। ਅਕਾਲੀ ਫੂਲਾ ਸਿੰਘ ਆਪਣੀ ਗੱਲ ਕਹਿਣ ਵਿਚ ਬਹੁਤ ਦਲੇਰ ਸੀ। ਆਪ ਨੂੰ ਜਦ ਡੋਗਰਿਆਂ ਦੀਆਂ ਧੜੇਬੰਦੀਆਂ ਦੀ ਖਬਰ ਹੋਈ ਤਾਂ ਆਪ ਨੇ ਬੇਝਿਜਕ ਮਹਾਰਾਜੇ ਨੂੰ ਖਰੀਆਂ-ਖਰੀਆ ਸੁਣਾਈਆ। ਇਕ ਮਿਸਾਲ ਹੋਰ ਮਿਲਦੀ ਹੈ ਕਿ ਇਕ ਵਾਰ ਮਹਾਰਾਜੇ ਕੋਲੋਂ ਕੋਈ ਭੁੱਲ ਹੋ ਗਈ ਸੀ ਜਿਸ ਲਈ ਆਪ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਬਾਵਜੂਦ ਇਸ ਦੇ ਮਹਾਰਾਜਾ ਰਣਜੀਤ ਸਿੰਘ ਹਰਿਮੰਦਰ ਸਾਹਬ ਜੀ ਦੇ ਦਰਸ਼ਨਾਂ ਨੂੰ ਆ ਰਹੇ ਸਨ। ਕਿਸੇ ਸਿੰਘ ਨੇ ਅਕਾਲੀ ਫੂਲਾ ਸਿੰਘ ਨੂੰ ਇਹ ਖਬਰ ਜਾ ਸੁਣਾਈ। ਅਕਾਲੀ ਜੀ ਅੱਖ ਦੇ ਫੋਰ ਵਿੱਚ ਨੰਗੀ ਤਲਵਾਰ ਲੈ ਕੇ ਦਰਸ਼ਨੀ ਡਿਉੜੀ ਅੱਗੇ ਜਾ ਖਲੋਤੇ ਤੇ ਮਹਾਰਾਜੇ ਨੂੰ ਅੰਦਰ ਨਹੀ ਜਾਣ ਦਿੱਤਾ। ਮਹਾਰਾਜਾ ਉਸੀ ਵਕਤ ਪਿਛਾਂਹ ਹੋ ਗਿਆ ਤੇ ਹੱਥ ਜੋੜ ਕੇ ਮਾਫੀ ਮੰਗੀ ਤੇ ਭੁੱਲ ਬਖਸ਼ਾਣ ਲਈ ਮਿੰਨਤ ਕੀਤੀ ਕਿ ਮੈਂ ਸਜ਼ਾ ਭੁਗਤਣ ਲਈ ਤਿਆਰ ਹਾਂ। ਇਹ ਨਿਰਧਾਰਿਤ ਹੋਇਆ ਕਿ ਸ਼੍ਰੀ ਅਕਾਲ ਤਖਤ ਸਾਹਬ ਦੇ ਸਾਹਮਣੇ ਇਮਲੀ ਦੇ ਬੂਟੇ ਨਾਲ ਮਹਾਰਾਜੇ ਦੀਆਂ ਮੁਸ਼ਕਾਂ ਕੱਸੀਆਂ ਜਾਣ ਅਤੇ ਸਰੀਰ 'ਤੇ ੨੧ ਕੋਰੜੇ ਲਾਏ ਜਾਣ। ਜਦ ਮਹਾਰਾਜਾ ਨਿਮਰਤਾ ਸਹਿਤ ਹੱਥ ਪਿੱਛੇ ਕਰਕੇ ਮੁਸ਼ਕਾਂ ਬੰਨ੍ਹਾਉਣ ਤੇ ਕੋਰੜੇ ਖਾਣ ਲਈ ਤਿਆਰ ਹੋ ਗਿਆ ਤਾਂ ਉਸੀ ਵਕਤ ਮਹਾਰਾਜੇ ਦੀ ਸਾਦਗੀ, ਨਿਮਰਤਾ ਤੇ ਗੁਰੂ ਘਰ ਪ੍ਰਤੀ ਸ਼ਰਧਾ ਵੇਖ ਕੇ ਸਾਰੀ ਸੰਗਤ ਦੇ ਨੇਤਰ ਜਲ ਨਾਲ ਭਰ ਆਏ। ਅਕਾਲੀ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜਾ ਸਾਹਿਬ ਨੂੰ ਬਖਸ਼ ਦਿੱਤਾ ਜਾਏ। ਸੰਗਤ ਦੀ ਇਹ ਗੱਲ ਪ੍ਰਵਾਨ ਕੀਤੀ ਗਈ ਤੇ ਮਹਾਰਾਜਾ ਨੂੰ ਦੁਬਾਰਾ ਅੰਮ੍ਰਿਤ ਛਕਾ ਕੇ ਸ੍ਰੀ ਅਕਾਲ ਤਖਤ ਸਾਹਬ ਵੱਲੋਂ ਸਿਰੋਪਾ ਬਖਸ਼ ਕੇ ਦਰਸ਼ਨਾਂ ਲਈ ਅੰਦਰ ਜਾਣ ਦਿੱਤਾ। ਅੰਤ ੧੪ ਮਾਰਚ ੧੮੨੩ ਨੂੰ ਆਪ ਨੌਸ਼ਿਹਰੇ ਦੀ ਆਖਰੀ ਲੜਾਈ ਵਿਚ ਜਿੱਤ ਦਾ ਪਰਚਮ ਲਹਿਰਾ ਕੇ ਸ਼ਹੀਦੀ ਜਾਮ ਪੀ ਗਏ। ਇਹ ਲੜਾਈ ਵੀ ਬਾਕੀ ਲੜਾਈਆਂ ਦੀ ਤਰ੍ਹਾਂ ਆਪ ਦੀ ਸੂਰਬੀਰਤਾ ਕਰਕੇ ਜਿੱਤੀ ਜਾ ਸਕੀ ਸੀ। ਅਕਾਲੀ ਫੂਲਾ ਸਿੰਘ ਇਕ ਨਿਰਭੈਅ ਤੇ ਨਿਧੜਕ ਜੋਧੇ ਸਨ।

## ਸਾਲ 2019-20 ਦਾ ਨਾਨਕਸ਼ਾਹੀ ਕੈਲੰਡਰ ਜਾਰੀ

**ਅੰਮ੍ਰਿਤਸਰ/ਏਟੀ ਨਿਊਜ਼ :**
ਨਾਨਕਸ਼ਾਹੀ ਸੰਮਤ 551 ਦਾ ਕੈਲੰਡਰ ਸ੍ਰੀ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ। ਇਸ ਦੌਰਾਨ ਸਿੱਖ ਸੰਗਤ ਨੂੰ ਆਖਿਆ ਗਿਆ ਕਿ ਉਹ ਗੁਰਪੁਰਬ ਤੇ ਹੋਰ ਦਿਨ ਤਿਉਹਾਰ ਇਸ ਕੈਲੰਡਰ ਮੁਤਾਬਕ ਹੀ ਮਨਾਉਣ। ਸਾਲ 2019-20 ਦਾ ਕੈਲੰਡਰ ਜਾਰੀ ਕਰਨ ਸਮੇਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਰਾਜਿੰਦਰ ਸਿੰਘ, ਸ੍ਰੀ ਅਕਾਲ ਤਖ਼ਤ ਤੋਂ ਪੰਜ ਪਿਆਰਿਆਂ ਵਿਚੋਂ ਭਾਈ ਦਿਲਬਾਗ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਧਿਕਾਰੀ ਹਾਜ਼ਰ ਸਨ। ਇਹ ਕੈਲੰਡਰ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤਾ ਗਿਆ ਹੈ ਜਿਸ ਵਿਚ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ (ਪਾਕਿਸਤਾਨ) ਅਤੇ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਦੀਆਂ ਤਸਵੀਰਾਂ ਸ਼ਾਮਲ ਹਨ। ਕੈਲੰਡਰ ਦੇ ਹੋ ਰਹੇ ਵਿਰੋਧ ਬਾਰੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜਿਨ੍ਹਾਂ ਨੂੰ ਕੈਲੰਡਰ 'ਤੇ ਇਤਰਾਜ਼ ਹੈ, ਉਹ ਆਪਣੇ ਇਤਰਾਜ਼ ਸ੍ਰੀ ਅਕਾਲ ਤਖ਼ਤ 'ਤੇ ਭੇਜਣ, ਜਿਸ ਬਾਰੇ ਵਿਚਾਰ ਕੀਤਾ ਜਾਵੇਗਾ।
ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਪਾਕਿਸਤਾਨ ਵਿਚ ਮਨਾਉਣ ਲਈ ਜਲਦੀ ਹੀ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕੀਤੀ ਜਾਵੇਗੀ।

# ਖ਼ਾਲਸਾ ਪੰਥ ਵਿਚ ਹੋਲਾ ਮਹੱਲਾ ਤਿਉਹਾਰ ਦੇ ਮੰਤਵ ਤੇ ਉਦੇਸ਼

**ਸੁਰਿੰਦਰਪਾਲ ਸਿੰਘ**

ਖ਼ਾਲਸਾ ਪੰਥ ਵਿਚ ਹੋਲਾ ਮਹੱਲਾ ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਿਕ ਹਨ। ਦਰਅਸਲ ਹੋਲਾ ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਅਤੇ 'ਮਹੱਲਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। ਅਰਬੀ ਭਾਸ਼ਾ ਦਾ ਇਕ ਸ਼ਬਦ ਹੈ 'ਹੂਲ' ਜਿਸ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ ਕੀਤੇ ਗਏ ਹਨ। ਦਸਮੇਸ਼ ਪਿਤਾ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਤੇ ਸਵੈਮਾਣ ਮਹਿਸੂਸ ਕਰਵਾਉਣ ਲਈ ਉਨ੍ਹਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਸੂਰਬੀਰ ਯੋਧੇ ਬਣਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਚਰਨ ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮ੍ਰਿਤ ਤੇ ਹੋਲੀ ਦੀ ਥਾਂ ਹੋਲਾ-ਮਹੱਲਾ ਪ੍ਰਚੱਲਿਤ ਕੀਤਾ। ਆਜ਼ਾਦੀ ਪ੍ਰਾਪਤ ਕਰਨ ਅਤੇ ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਨੇ ਜਿੱਥੇ ਨਵਾਂ ਜੀਵਨ ਬਖ਼ਸ਼ਿਆ ਉਥੇ ਭਾਰਤੀ ਸਮਾਜ ਨੂੰ ਉਹਨਾਂ ਦੇ ਰੀਤੀ-ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਗੁਰੂ ਸਾਹਿਬ ਨੇ ਸੰਨ 1699 ਈ. ਨੂੰ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕਰਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਅਤੇ ਸਿੱਖਾਂ ਨੂੰ ਇਕ ਵੱਖਰੀ ਪਹਿਚਾਣ ਪ੍ਰਦਾਨ ਕੀਤੀ। ਗੁਰੂ ਸਾਹਿਬ ਨੇ ਇਸ ਕਾਇਮ ਕੀਤੀ ਜਥੇਬੰਦੀ ਵਿਚ ਦਲੇਰੀ ਅਤੇ ਜੁਰਅਤ ਭਰਨ ਲਈ ਉਹਨਾਂ ਵਲੋਂ ਮਨਾਏ ਜਾ ਰਹੇ ਤਿਉਹਾਰਾਂ ਨੂੰ ਮਨਾਉਣ ਦੇ ਰੰਗ-ਢੰਗ ਹੀ ਬਦਲ ਕੇ ਰੱਖ ਦਿੱਤੇ। ਹੋਲੀ ਮਨਾਉਣ ਸਮੇਂ ਜਿੱਥੇ ਲੋਕ ਇੱਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉੱਥੇ ਸਤਿਗੁਰਾਂ ਨੇ ਇਸ ਬੁਰਿਆਈ ਨੂੰ ਖ਼ਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸੇ ਨੂੰ ਯੁੱਧ-ਵਿੱਦਿਆ ਵਿਚ ਪ੍ਰਬੀਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਹੋਲੀ ਦੇ ਪਰੰਪਰਾਗਤ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸਬੰਧ ਸੂਰਮਤਾਈ ਨਾਲ ਜੋੜਿਆ। ਮਹੱਲਾ ਇੱਕ ਪ੍ਰਕਾਰ ਦੀ ਮਸਨੂਈ ਲੜਾਈ ਹੈ, ਪੈਦਲ ਅਤੇ ਘੋੜ-ਸਵਾਰ ਸ਼ਸਤਰਧਾਰੀ ਸਿੰਘ ਦੋ ਦਲ ਬਣਾ ਕੇ ਇੱਕ ਖ਼ਾਸ ਹਮਲੇ ਦੀ ਥਾਂ ਉੱਤੇ ਹਮਲਾ ਕਰਦੇ ਹਨ ਅਤੇ ਅਨੇਕ ਪ੍ਰਕਾਰ ਦੇ ਕਰਤੱਬ ਦਿਖਾਉਂਦੇ ਹਨ। ਕਲਗੀਧਰ ਇਸ ਮਸਨੂਈ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸਿੱਖਿਆ ਪ੍ਰਦਾਨ ਕਰਦੇ ਸਨ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਦੀਵਾਨ ਵਿੱਚ ਸਿਰੋਪਾਓ ਬਖਸ਼ਿਸ਼ ਕਰਦੇ ਸਨ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਅਨੇਕ ਤਰ੍ਹਾਂ ਦੀਆਂ ਫ਼ੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨ੍ਹਾਂ ਸਾਰੀਆਂ ਕਾਰਵਾਈਆਂ ਵਿੱਚ ਖ਼ੁਦ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿੱਚ ਮਨਾਏ ਜਾਂਦੇ ਜੰਗਜੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿੱਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਉਤਸਵ ਵਿੱਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਣ ਲੱਗੇ। ਅਤਰ-ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪ੍ਰਭਾਵਿਤ ਕੀਤਾ। ਸਤਿਗੁਰਾਂ ਵੱਲੋਂ ਹੋਲੇ ਮਹੱਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ, ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ਼ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਵਾਂਗ ਖਿੜ ਗਿਆ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਮੀਂਹ ਦੀ ਤਰ੍ਹਾਂ ਵਰਸਣ ਲੱਗੀ। ਕੇਸਰ ਦੀ ਪਿਚਕਾਰੀ ਨੇ ਸਭ ਚਿੱਟੇ ਚੋਲਿਆਂ ਨੂੰ ਰੰਗਾਂ ਨਾਲ ਭਰ ਦਿੱਤਾ। ਪਾਤਸ਼ਾਹ ਨੇ ਗੁਲਾਲ ਦੀ ਅਜਿਹੀ ਵਰਖਾ ਕੀਤੀ ਕਿ ਧਰਤੀ ਤੇ ਆਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆਂ ਤਾਂ ਸਭ ਦੀ ਆਤਮਾ ਖਿੜ ਗਈ :

ਗੁਲੇ ਹੋਲੀ ਬ ਬਾਗੇ ਦਰ ਬੂ ਕਰਦ। ਲਬੇ ਚੂੰ ਗ਼ੁੰਚਾ ਰਾ ਫ਼ਰਖ਼ੰਦਹ ਖ਼ੂ ਕਰਦ।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ। ਚੂ ਬਾਰਾਂ ਬਾਰਸ਼ੇ ਅਜ ਸੂ ਬਸੂ ਕਰਦ।
ਜਹੇ ਪਿਚਕਾਰੀਏ ਪੁਰ ਜੁਫਰਾਨੀ। ਕਿ ਹਰ ਬੇਰੰਗ ਰਾ ਖੁਸ਼ਰੰਗੋ ਬੂ ਕਰਦ।
ਗੁਲਾਲ ਅਫਸ਼ਾਨੀ ਅਜ਼ ਦਸਤੇ ਮੁਬਾਰਕ। ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।
ਦੋ ਆਲਮ ਗਸ਼ਤ ਰੰਗੀ ਅਜ਼ ਤੁਫਲੈਸ਼। ਚੁ ਸ਼ਾਹਮ ਜਾਮਹ ਰੰਗੀ ਦਹ ਗੁਲੂ ਕਰਦ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਚਲਾਇਆ ਹੋਲਾ ਮਹੱਲਾ ਸ਼ਕਤੀ ਨੂੰ ਪ੍ਰਗਟ ਕਰਨ ਅਤੇ ਅਣਖ ਦੇ ਅਨੁਭਵ ਦਾ ਅਨੋਖਾ ਢੰਗ ਹੈ। ਇਹ ਖਾਲਸਾ ਪੰਥ ਲਈ ਸਵੈਮਾਨ, ਖਾਲਸੇ ਦੇ ਬੋਲ-ਬਾਲੇ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਹੋਲਾ ਮਹੱਲਾ ਸਿੱਖਾਂ ਨੂੰ ਹਰ ਸਾਲ ਦ੍ਰਿੜ੍ਹ ਵਿਸ਼ਵਾਸੀ, ਪ੍ਰਭੂ-ਭਗਤੀ ਤੇ ਉੱਚੇ-ਸੁੱਚੇ ਮਨੁੱਖੀ ਆਦਰਸ਼ਾਂ, ਜ਼ੁਲਮ, ਜ਼ਬਰ, ਨਾਸਤਿਕਤਾ ਤੇ ਭ੍ਰਿਸ਼ਟਾਚਾਰ ਵਿਰੁੱਧ ਜੂਝਣ ਲਈ ਨਵਾਂ ਜੋਸ਼ ਤੇ ਉਤਸ਼ਾਹ ਪ੍ਰਦਾਨ ਕਰਦਾ ਹੈ। ਇਹ ਪਵਿੱਤਰ ਤਿਉਹਾਰ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਜੇ ਹੱਕ ਮੰਗਿਆਂ ਪ੍ਰਾਪਤ ਨਹੀਂ ਹੁੰਦੇ ਤਾਂ ਸ਼ਕਤੀ ਤੇ ਜ਼ੋਰ ਨਾਲ ਪ੍ਰਾਪਤ ਕੀਤੇ ਜਾ ਸਕਦੇ ਹਨ :

ਰਾਜ ਕਿਸੇ ਕੋ ਕੋਇ ਨ ਦੈ ਹੈਂ। ਜੋ ਲੈ ਹੈ ਨਿਜ ਬਲ ਸੋਂ ਲੈ ਹੈਂ। (ਪੰਥ ਪ੍ਰਕਾਸ਼)

ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪਾਵਨ ਛੋਹ ਧਰਤੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਪੁੱਜ ਕੇ ਬੜੇ ਉਤਸ਼ਾਹ ਤੇ ਜੋਸ਼ ਨਾਲ ਇਹ ਪਵਿੱਤਰ ਤਿਉਹਾਰ ਮਨਾਉਂਦੀਆਂ ਹਨ। ਭਾਰੀ ਦੀਵਾਨ ਸਜਦੇ ਹਨ। ਨਿਹੰਗ ਸਿੰਘਾਂ ਦੇ ਜਥੇ ਤੇ ਖਾਲਸਾ ਪੰਥ ਦੀ ਫ਼ੌਜ ਦੇ ਹੋਰ ਦਸਤੇ ਰਲ-ਮਿਲ ਕੇ ਨਗਰ ਕੀਰਤਨ ਸਜਾਉਂਦੇ ਹਨ। ਘੋੜ ਸਵਾਰੀ ਤੇ ਗਤਕੇਬਾਜ਼ੀ ਦੇ ਜੰਗਜੂ ਕਰਤੱਵ ਦੇਖਣਯੋਗ ਹੁੰਦੇ ਹਨ। ਇਸ ਦੀ ਅਲੌਕਿਕ ਮਹਿਮਾ ਦਾ ਵਰਣਨ 'ਕਹਿਬੇ ਕਉ ਸੋਭਾ ਨਹੀਂ', ਦੇਖਾ ਹੀ ਪ੍ਰਵਾਨ' ਮੁਤਾਬਕ ਕੇਵਲ ਕਥਨ ਕਰਨ ਨਾਲ ਨਹੀਂ ਸਗੋਂ ਅੱਖੀਂ ਦੇਖਣ ਨਾਲ ਪਤਾ ਲੱਗਦਾ ਹੈ। ਖਾਲਸਾ ਪੰਥ ਹੋਲੀ ਨਹੀਂ, ਹੋਲਾ ਖੇਡਦਾ ਹੈ ਅਤੇ ਮਹੱਲਾ ਕੱਢਦਾ ਹੈ। ਕਵੀ ਸੁਮੇਰ ਸਿੰਘ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਆਦੇਸ਼ਾਂ ਨੂੰ ਇਸ ਤਰ੍ਹਾਂ ਲਿਖਦੇ ਹਨ :

ਔਰਨ ਕੀ ਹੋਲੀ ਮਮ ਹੋਲਾ।। ਕਹਯੋ ਕ੍ਰਿਪਾਨਿਧ ਬਚਨ ਅਮੋਲਾ।।

ਅਜੋਕੇ ਸਮੇਂ ਵਿੱਚ ਨਵੀਂ ਪੀੜ੍ਹੀ ਸ਼ਾਨਾਂ-ਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿੱਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪ੍ਰਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪ੍ਰਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪ੍ਰੇਰਨਾ ਸਰੋਤ ਹੈ।



**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਬਾਣੀ 'ਚ ਨਸ਼ਾ-ਮੁਕਤੀ ਲਈ ਸਿੱਖਿਆ

**ਡਾ. ਇੰਦਰਜੀਤ ਸਿੰਘ ਗੋਗੋਆਣੀ**



ਦਾਨਿਆਂ ਦਾ ਕਥਨ ਹੈ ਕਿ ਕੋਈ ਸਮਾਜ ਭਾਵੇਂ ਕਿੰਨਾ ਹੀ ਖ਼ੁਸ਼ਹਾਲ ਕਿਉਂ ਨਾ ਹੋਵੇ, ਪਰ ਜੇਕਰ ਉਥੋਂ ਦੇ ਲੋਕ ਨਸ਼ਿਆਂ ਵਿਚ ਗ੍ਰਸਤ ਹੋ ਜਾਣ ਤਾਂ ਉਨ੍ਹਾਂ ਨੂੰ ਤਬਾਹ ਹੋਣ ਤੋਂ ਕੋਈ ਨਹੀਂ ਬਚਾ ਸਕਦਾ। 'ਮਹਾਨ ਕੋਸ਼' ਅਨੁਸਾਰ ਨਸ਼ੇ ਤੋਂ ਭਾਵ ਅਮਲ, ਦਿਮਾਗ ਨੂੰ ਕੇਂਬ ਕਰਨ ਵਾਲਾ ਪਦਾਰਥ ਹੈ। ਕੇਂਬ ਤੋਂ ਭਾਵ ਅਜਿਹੀ ਦਿਮਾਗੀ ਹਾਲਤ ਜੋ ਮਨੁੱਖ ਨੂੰ ਮਦਹੋਸ਼ੀ ਦੀ ਅਵਸਥਾ ਵਿਚ ਲੈ ਜਾਂਦੀ ਹੈ ਤੇ ਉਸ ਦਾ ਸਹੀ ਸੋਚਣ ਸ਼ਕਤੀ ਨਾਲੋਂ ਸੰਬੰਧ ਟੁੱਟ ਜਾਂਦਾ ਹੈ।

ਜਦੋਂ ਸਿੱਧਾਂ ਜੋਗੀਆਂ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਸ਼ਰਾਬ ਦਾ ਪਿਆਲਾ ਭੇਂਟ ਕੀਤਾ ਤਾਂ ਇਸ ਦੇ ਉੱਤਰ ਵਿਚ ਸਤਿਗੁਰਾਂ ਨੇ ਥੋੜ੍ਹਚਿਰੇ ਮਾਰੂ ਨਸ਼ੇ ਨਾਲੋਂ ਉਨ੍ਹਾਂ ਨੂੰ ਸਦੀਵੀ ਸਰੂਰ ਦਾ ਢੰਗ-ਤਰੀਕਾ ਸਮਝਾਇਆ। ਪ੍ਰੋ: ਸਾਹਿਬ ਸਿੰਘ ਅਨੁਸਾਰ 'ਜੋਗੀ ਸਮਾਧੀ ਵੇਲੇ ਸੁਰਤਿ ਦੀ ਇਕਾਗਰਤਾ ਵਾਸਤੇ ਸ਼ਰਾਬ ਪੀਂਦੇ ਸਨ। ਸਤਿਗੁਰੂ ਜੀ ਉਸ ਸ਼ਰਾਬ ਦੀ ਨਿਖੇਧੀ ਕਰਦੇ ਹਨ।

ਜੋਗੀਆਂ ਨੂੰ ਸ਼ਰਾਬ ਦੇ ਮਾਰੂ ਨਸ਼ੇ ਪ੍ਰਤੀ ਉਪਦੇਸ਼ ਦਿੰਦਿਆਂ ਸਤਿਗੁਰਾਂ ਨੇ ਆਸਾ ਰਾਗ ਵਿਚ ਜੋ ਸ਼ਬਦ ਉਚਾਰਨ ਕੀਤਾ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 360 ਉੱਪਰ ਦਰਜ ਹੈ।

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ
ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ ਪ੍ਰੇਮ ਕਾ ਪੋਚਾ
ਇਤੁ ਰਸਿ ਅਮਿਉ ਚੁਆਈਐ॥

ਭਾਵ ਹੇ ਜੋਗੀਓ! ਤੁਸੀਂ ਗੁੜ ਦੀ ਸ਼ਰਾਬ ਬਣਾਉਂਦੇ ਹੋ, ਜੋ ਸਿਹਤ ਲਈ ਮਾਰੂ ਤੇ ਥੋੜ੍ਹਚਿਰਾ ਨਸ਼ਾ ਹੈ। ਤੁਸੀਂ ਨਸ਼ਾ ਕਰਨ ਦਾ ਢੰਗ-ਤਰੀਕਾ ਬਦਲੋ। ਤੁਸੀਂ ਪ੍ਰਭੂ ਦੇ ਗਿਆਨ ਨੂੰ ਗੁੜ ਬਣਾਓ ਅਤੇ ਸੁਰਤੀ ਜੋੜਨ ਲਈ ਜੋ ਨਸ਼ਾ ਕਰਦੇ ਹੋ, ਤਾਂ ਧਿਆਨ (ਸੁਰਤਿ) ਨੂੰ ਮਹੂਏ (ਧਾਵੈ) ਦੇ ਫੁੱਲ ਬਣਾਓ। ਜਦ ਪ੍ਰਭੂ ਗਿਆਨ 'ਤੇ ਧਿਆਨ ਹੋਏਗਾ, ਫਿਰ ਆਪਣੇ ਉੱਚੇ ਆਚਰਣ ਨੂੰ ਕਿੱਕਰ ਦੇ ਸੱਕ (ਕਸੁ) ਦੇ ਤੌਰ 'ਤੇ ਵਰਤੋ। ਜੋਗੀ ਲੋਕ ਗੁੜ, ਮਹੂਏ ਦੇ ਫੁੱਲ ਤੇ ਕਿੱਕਰ ਦੇ ਸੱਕ ਤੋਂ ਸ਼ਰਾਬ ਬਣਾਉਂਦੇ ਸਨ। ਸਤਿਗੁਰਾਂ ਕਿਹਾ ਕਿ ਸਰੀਰ ਦੀ ਸਾਧਨਾ ਰੂਪੀ ਭੱਠੀ ਬਣਾਓ ਤੇ ਪ੍ਰਭੂ ਪ੍ਰੇਮ ਦਾ ਪੋਚਾ ਲਾਓ, ਇਸ ਪ੍ਰਕਾਰ ਜੋ ਅੰਮ੍ਰਿਤ ਤਿਆਰ ਹੋਏਗਾ, ਉਸ ਦਾ ਕੀ ਅਸਰ ਹੋਊ, ਇਹ ਸੁਣੋ:

ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗਿ ਰਚਿ ਰਹਿਆ॥ (ਅੰਗ : 360)

ਹੇ ਜੋਗੀਓ! ਅਸਲ ਮਸਤ (ਮਤਵਾਰੋ) ਉਹ ਮਨ ਹੈ ਜੋ ਅਜਿਹਾ ਰਸ ਪੀਂਦਾ ਹੈ ਅਤੇ ਪ੍ਰਭੂ ਗਿਆਨ ਦੀ ਅਡੋਲਤਾ (ਸਹਜ ਰੰਗਿ) ਵਿਚ ਮਤਵਾਲਾ ਰਹਿੰਦਾ ਹੈ। ਜਿਹੜਾ ਇਨਸਾਨ ਅਜਿਹੇ ਨਸ਼ੇ ਦਾ ਸੇਵਨ ਕਰਦਾ ਹੈ, ਉਹ ਥੋੜ੍ਹਚਿਰੇ ਝੂਠੇ ਨਸ਼ਿਆਂ ਨੂੰ ਪਿਆਰ ਨਹੀਂ ਕਰੇਗਾ। ਸਤਿਗੁਰਾਂ ਫੁਰਮਾਇਆ :

ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ
ਮਦਿ ਛੂਛੈ ਭਾਉ ਧਰੇ॥ (ਅੰਗ : 360)

ਇਸ ਸ਼ਬਦ ਦੇ ਅੰਤ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਨੇ ਭਰਥਰੀ ਜੋਗੀ ਨੂੰ ਸੰਬੋਧਨ ਹੁੰਦਿਆਂ ਫੁਰਮਾਇਆ :

ਸਿਫਤੀ ਰਤਾ ਸਦ ਬੈਰਾਗੀ
ਜੂਐ ਜਨਮੁ ਨ ਹਾਰੈ॥
ਕਹੁ ਨਾਨਕ ਸੁਣਿ ਭਰਥਰਿ
ਜੋਗੀ ਖੀਵਾ ਅੰਮ੍ਰਿਤ ਧਾਰੈ॥
(ਅੰਗ : 360)

ਭਾਵ ਜਿਹੜਾ ਇਨਸਾਨ ਪ੍ਰਭੂ ਦੀ ਸਿਫਤ ਸਲਾਹ ਵਿਚ ਮਸਤ ਹੋਵੇ, ਉਹ ਆਪਣਾ ਜਨਮ ਵਿਅਰਥ ਨਹੀਂ ਗਵਾਉਂਦਾ। ਇਸ ਲਈ ਭਰਥਰੀ ਜੋਗੀ! ਜੋ ਇਨਸਾਨ ਗਿਆਨੀ ਧਿਆਨੀ ਹੋ ਕੇ ਸੱਚੀ ਕਿਰਤ ਕਰਦਿਆਂ ਸਾਡੀ ਦੱਸੀ ਜੁਗਤ ਅਨੁਸਾਰ ਨਸ਼ਾ ਕਰੇਗਾ ਤਾਂ ਉਹ ਝੂਠੇ ਨਸ਼ਿਆਂ ਵਿਚ ਜੀਵਨ ਬਰਬਾਦ ਨਹੀਂ ਕਰੇਗਾ। ਅੱਜ ਸਾਡਾ ਸਮਾਜ ਝੂਠੇ ਨਸ਼ਿਆਂ ਵਿਚ ਬਰਬਾਦ ਹੋ ਰਿਹਾ ਹੈ। ਭਾਵੇਂ ਇਹ ਸਿੱਖਿਆ, ਪ੍ਰਥਾਇ ਜੋਗੀਆਂ ਦੇ ਹੈ ਪਰ ਸਾਂਝੀ ਸਗਲ ਜਹਾਨ ਲਈ ਹੈ। ਜੇਕਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਇਸ ਮਹਾਨ ਉਪਦੇਸ਼ ਨੂੰ ਮਨ ਵਿਚ ਵਸਾ ਕੇ ਅਮਲ ਕੀਤਾ ਜਾਵੇ ਤਾਂ ਸਾਡਾ ਸਮਾਜ ਮਾਰੂ ਨਸ਼ਿਆਂ ਤੋਂ ਮੁਕਤ ਹੋ ਸਕਦਾ ਹੈ।

**ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੋਇੰ ਸ੍ਰੀ ਨਨਕਾਣਾ ਸਾਹਿਬ**

ਸ੍ਰੀ ਨਨਕਾਣਾ ਸਾਹਿਬ ਉਹ ਮੁਕੱਦਸ ਨਗਰ ਹੈ, ਜਿੱਥੇ ਜਗਤ ਗੁਰੂ ਬਾਬਾ ਨਾਨਕ ਦੇਵ ਜੀ ਪਿਤਾ ਸ੍ਰੀ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੇਵੀ ਦੀ ਕੁੱਖੋਂ ਪ੍ਰਗਟ ਹੋਏ। ਇਸ ਕਸਬੇ ਦਾ ਪਹਿਲਾ ਨਾਂਅ ਰਾਏਪੁਰ ਤੇ ਫਿਰ ਰਾਇ ਭੋਇ ਦੀ ਤਲਵੰਡੀ ਹੋਇਆ। ਗੁਰੂ ਜੀ ਦੇ ਆਗਮਨ ਨਾਲ ਇਸ ਦਾ ਨਾਂਅ ਉਨ੍ਹਾਂ ਦੇ ਨਾਂਅ ਤੋਂ ਨਨਕਾਣਾ ਸਾਹਿਬ ਜਗਤ ਪ੍ਰਸਿੱਧ ਹੋਇਆ, ਗੁਰੂ ਸਾਹਿਬ ਵਿਚ ਰੱਬੀ ਨੂਰ ਵੇਖਣ ਵਾਲਾ ਪਹਿਲਾ ਸ਼ਖ਼ਸ ਇਸੇ ਰਾਇ ਭੋਇ ਦੀ ਮੰਡੀ ਦਾ ਚੌਧਰੀ ਰਾਇ ਬੁਲਾਰ ਭੱਟੀ ਸੀ, ਜਿਸ ਨੇ ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਤੋਂ ਬਾਅਦ ਗੁਰੂ ਜੀ ਵਿਚੋਂ ਰੱਬੀ ਜੋਤ ਨੂੰ ਪਛਾਣਿਆ। 'ਖੁਰਸ਼ੀਦ ਖ਼ਾਲਸਾ' ਦੇ ਪੰਨਾ 36 ਅਤੇ 'ਵਿਸਾਖ ਨਹੀਂ ਕੱਤਕ' ਦੇ ਪੰਨਾ 86 ਦੇ ਅਨੁਸਾਰ ਰਾਇ ਬੁਲਾਰ ਨੇ ਆਪਣੇ ਜਿਉਂਦਿਆਂ ਹੀ ਮਾਲ ਦੇ ਕਾਗ਼ਜ਼ਾਂ ਵਿਚ ਰਾਇ ਭੋਇ ਦੀ ਤਲਵੰਡੀ ਦਾ ਨਾਂਅ ਗੁਰੂ ਪਿਆਰ ਅੰਦਰ ਨਨਕਾਣਾ ਸਾਹਿਬ ਰੱਖਿਆ ਸੀ। ਬਾਬਾ ਜੀ ਦੇ ਪਿਤਾ ਮਹਿਤਾ ਕਾਲੂ ਜੀ ਰਾਇ ਬੁਲਾਰ ਦੀਆਂ ਜ਼ਮੀਨਾਂ ਦਾ ਪ੍ਰਬੰਧ ਵੇਖਦੇ ਸਨ।

ਸ੍ਰੀ ਨਨਕਾਣਾ ਸਾਹਿਬ ਦੇ ਬਾਜ਼ਾਰ ਵਿਚ ਮੱਥੇ 'ਤੇ ਗੁਰਦੁਆਰਾ ਜਨਮ ਅਸਥਾਨ ਸੁਸ਼ੋਭਿਤ ਹੈ। ਗੁਰੂ ਸਾਹਿਬ ਤੋਂ ਬਾਅਦ ਪੰਜਵੀਂ ਪਾਤਸ਼ਾਹੀ ਤੱਕ ਇਹ ਮੁਕੱਦਸ ਅਸਥਾਨ ਆਮ ਹਾਲਤ ਵਿਚ ਹੀ ਰਿਹਾ। 1612 ਈ: ਨੂੰ ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਇਸ ਪਾਵਨ ਅਸਥਾਨ ਦੇ ਦਰਸ਼ਨਾਂ ਨੂੰ ਆਏ ਤਾਂ ਇਸ ਅਸਥਾਨ ਦੀ ਸੇਵਾ ਉਨ੍ਹਾਂ ਆਪਣੇ ਚੇਲੇ ਅਲਮਸਤ ਜੀ ਨੂੰ ਸੌਂਪੀ। ਜਿਸ ਦੇ ਬਾਅਦ ਲੰਬਾ ਸਮਾਂ ਇਸ ਪਾਵਨ ਅਸਥਾਨ ਦੀ ਸੇਵਾ-ਸੰਭਾਲ ਉਦਾਸੀ ਸਾਧੂ ਹੀ ਕਰਦੇ ਰਹੇ। ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਅਸਥਾਨ ਦਾ ਨਵਨਿਰਮਾਣ ਕਰਵਾ ਕੇ ਆਲੀਸ਼ਾਨ ਇਮਾਰਤ ਦਾ ਨਿਰਮਾਣ ਕਰਵਾਇਆ।

ਗੁਰਦੁਆਰਾ ਜਨਮ ਅਸਥਾਨ ਤੋਂ ਸੱਜੇ ਹੱਥ ਪਾਸ ਹੀ ਇਕ ਗਲੀ ਵਿਚ ਗੁਰਦੁਆਰਾ ਪੱਟੀ ਸਾਹਿਬ ਮੌਜੂਦ ਹੈ। ਇਸ ਅਸਥਾਨ 'ਤੇ 1475 ਈ: ਵਿਚ ਗੁਰੂ ਜੀ ਨੂੰ ਪੰਡਿਤ ਗੋਪਾਲ ਦਾਸ ਕੋਲ ਹਿੰਦੀ ਪੜ੍ਹਨ, 1478 ਈ: ਵਿਚ ਪੰਡਿਤ ਬ੍ਰਿਜ ਲਾਲ ਕੋਲ ਸੰਸਕ੍ਰਿਤ ਅਤੇ 1482 ਈ: ਵਿਚ ਮੌਲਵੀ ਕੁਤਬਦੀਨ ਕੋਲ ਫ਼ਾਰਸੀ ਪੜ੍ਹਨ ਲਈ ਭੇਜਿਆ ਗਿਆ। ਸਤਿਗੁਰੂ ਨਾਨਕ ਦੇਵ ਜੀ ਦੀ ਤੀਖਣ ਬੁੱਧੀ, ਆਤਮਿਕ ਗਿਆਨ ਤੇ ਰੌਸ਼ਨ ਦਿਮਾਗ਼ ਦੇ ਸਾਹਮਣੇ, ਵਾਰੀ-ਵਾਰੀ ਤਿੰਨਾਂ ਹੀ ਸੰਸਾਰਿਕ ਉਸਤਾਦਾਂ ਨੇ ਸਿਰ ਨਿਵਾਇਆ। ਜਿਸ ਅਸਥਾਨ 'ਤੇ ਗੁਰਦੇਵ ਨੂੰ ਪੜ੍ਹਨ ਲਈ ਭੇਜਿਆ ਗਿਆ ਸੀ, ਉਸੇ ਅਸਥਾਨ 'ਤੇ ਗੁਰਦੁਆਰਾ ਪੱਟੀ ਸਾਹਿਬ ਸੁਭਾਇਮਾਨ ਹੈ। ਇਸ ਅਸਥਾਨ 'ਤੇ ਮੌਲਵੀ ਕੁਤਬਦੀਨ ਪਾਸੋਂ ਫ਼ਾਰਸੀ ਪੜ੍ਹਨ ਕਰਕੇ ਇਸ ਅਸਥਾਨ ਨੂੰ ਗੁਰਦੁਆਰਾ ਮੌਲਵੀ ਪੱਟੀ ਸਾਹਿਬ ਵੀ ਆਖਿਆ ਜਾਂਦਾ ਹੈ। ਗੁਰਦੁਆਰਾ ਪੱਟੀ ਸਾਹਿਬ ਤੋਂ ਕੋਈ 20 ਕੁ ਕਦਮ ਦੀ ਦੂਰੀ 'ਤੇ ਗੁਰਦੁਆਰਾ ਬਾਲ ਲੀਲ੍ਹਾ ਮੌਜੂਦ ਹੈ। ਇਸ ਅਸਥਾਨ 'ਤੇ ਗੁਰੂ ਜੀ ਬਾਲ ਉਮਰ ਵਿਚ ਆਪਣੇ ਹਾਣੀਆਂ ਨਾਲ ਖੇਡਿਆ ਕਰਦੇ ਸਨ। ਇਥੇ ਬਾਅਦ ਵਿਚ ਰਾਇ ਬੁਲਾਰ ਨੇ ਨਾਨਕ ਸਰ ਨਾਂਅ ਦਾ ਇਕ ਸਰੋਵਰ ਬਣਵਾਇਆ। ਇਹ ਸਰੋਵਰ ਅੱਜ ਵੀ ਗੁਰਦੁਆਰਾ ਬਾਲ ਲੀਲ੍ਹਾ ਦੇ ਬਿਲਕੁਲ ਨਾਲ ਮੌਜੂਦ ਹੈ। ਗੁਰਦੁਆਰਾ ਸਾਹਿਬ 'ਚ ਪ੍ਰਕਾਸ਼ ਦਾ ਪ੍ਰਬੰਧ ਨਹੀਂ ਹੈ, ਇਮਾਰਤ ਵੀ ਕੋਈ ਖਾਸ ਸੁਰੱਖਿਅਤ ਨਹੀਂ ਹੈ।

ਗੁਰਦੁਆਰਾ ਜਨਮ ਅਸਥਾਨ ਮੇਨ ਬਾਜ਼ਾਰ ਤੋਂ ਹਟਵੀਂ ਇਕ ਗਲੀ ਵਿਚ ਗੁਰਦੁਆਰਾ ਮਾਲ ਜੀ ਸਾਹਿਬ ਵੀ ਆਪਣੀਆਂ ਸ਼ਾਨਾਂ ਬਰਕਰਾਰ ਰੱਖੇ ਹੋਏ ਹੈ। ਦੱਸਿਆ ਜਾਂਦਾ ਹੈ ਕਿ ਇਕ ਦਿਨ ਮੱਝਾਂ-ਗਾਵਾਂ ਚਾਰਦਿਆਂ ਗੁਰੂ ਨਾਨਕ ਦੇਵ ਜੀ ਇਕ ਦਰੱਖ਼ਤ ਹੇਠ ਅਰਾਮ ਕਰਦਿਆਂ ਦੀ ਸੁਰਤਿ ਪ੍ਰਭੂ ਚਰਨਾਂ ਵਿਚ ਲੀਨ ਹੋ ਗਈ। ਪਰਛਾਵੇਂ ਢਲ ਗਏ, ਉਨ੍ਹਾਂ ਦੇ ਇਲਾਹੀ ਚਿਹਰੇ 'ਤੇ ਧੁੱਪ ਆ ਗਈ। ਉਸ ਸਮੇਂ ਇਕ ਫ਼ਨੀਅਰ ਸੱਪ ਨੇ ਆਪਣੇ ਫ਼ਨ ਨਾਲ ਗੁਰੂ ਸਾਹਿਬ ਦੇ ਚਿਹਰੇ 'ਤੇ ਛਾਂ ਕੀਤੀ। ਜਦ ਹਾਕਮ ਰਾਇ ਬੁਲਾਰ ਨੇ ਦੂਰੋਂ ਦੇਖਿਆ ਤਾਂ ਉਸ ਨੇ ਸਮਝਿਆ ਕਿ ਬਾਲਕ ਨਾਨਕ ਨੂੰ ਸੱਪ ਨੇ ਡੱਸ ਲਿਆ ਹੋਵੇਗਾ। ਉਸ ਦੇ ਨੇੜੇ ਪਹੁੰਚਣ 'ਤੇ ਸੱਪ ਆਪਣੀ ਵਰਮੀ ਵਿਚ ਵੜ ਗਿਆ। ਰਾਇ ਬੁਲਾਰ ਨੇ ਗੁਰੂ ਸਾਹਿਬ ਨੂੰ ਜਗਾਇਆ ਤਾਂ ਉਹ ਬਿਲਕੁਲ ਠੀਕ-ਠਾਕ ਸਨ। ਇਹ ਅਨੋਖਾ ਕੌਤਕ ਵੇਖ ਰਾਇ ਬੁਲਾਰ ਨੂੰ ਗੁਰੂ ਜੀ ਦੀ ਰੂਹਾਨੀ ਸ਼ਖ਼ਸੀਅਤ ਦੀ ਪਹਿਚਾਣ ਹੋ ਗਈ।

ਇਸੇ ਪ੍ਰਕਾਰ ਨਨਕਾਣਾ ਸਾਹਿਬ ਵਿਚਲੇ ਗੁਰਦੁਆਰਾ ਕਿਆਰਾ ਸਾਹਿਬ ਬਾਰੇ ਦੱਸਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਬਚਪਨ ਵਿਚ ਇਕ ਦਿਨ ਜਦੋਂ ਮੱਝਾਂ ਚਰਾਉਣ ਖੇਤਾਂ ਵੱਲ ਲੈ ਗਏ ਤਾਂ ਰੁੱਖ ਦੀ ਠੰਢੀ ਛਾਂ ਹੇਠ ਬੈਠਿਆਂ ਗੁਰੂ ਜੀ ਦੀ ਸੁਰਤਿ ਪਰਮਾਤਮਾ ਨਾਲ ਜੁੜ ਗਈ ਤੇ ਮੱਝਾਂ ਕਿਸੇ ਕਿਸਾਨ ਦੇ ਖੇਤ ਵਿਚ ਜਾ ਵੜੀਆਂ। ਜਦੋਂ ਉਹ ਕਿਸਾਨ ਫ਼ਸਲ ਵੇਖਣ ਆਇਆ ਤਾਂ ਉਥੇ ਮੱਝਾਂ ਨੂੰ ਚਰਦੀਆਂ ਵੇਖ ਉਸ ਨੂੰ ਬਹੁਤ ਗੁੱਸਾ ਆਇਆ। ਉਸ ਨੇ ਅਨਾਪ-ਸ਼ਨਾਪ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਇਹ ਸ਼ਿਕਾਇਤ ਜਾ ਕੇ ਰਾਇ ਬੁਲਾਰ ਪਾਸ ਕਰ ਦਿੱਤੀ। ਉਸ ਦਾ ਰੌਲਾ ਸੁਣ ਗੁਰੂ ਜੀ ਦੀ ਅੱਖ ਖੁੱਲ੍ਹ ਗਈ ਅਤੇ ਉਹ ਮੱਝਾਂ ਹਿੱਕ ਕੇ ਆਪਣੇ ਘਰ ਵੱਲ ਨੂੰ ਲੈ ਗਏ। ਕਿਸਾਨ ਦੀ ਸ਼ਿਕਾਇਤ ਸੁਣ ਰਾਇ ਬੁਲਾਰ ਨੇ ਆਪਣੇ ਆਦਮੀ ਉਸ ਨਾਲ ਫ਼ਸਲ ਵੇਖਣ ਲਈ ਘੱਲ ਦਿੱਤੇ। ਜਦੋਂ ਉਨ੍ਹਾਂ ਮੌਕੇ 'ਤੇ ਜਾ ਕੇ ਵੇਖਿਆ ਤਾਂ ਖੇਤ ਹਰਿਆ-ਭਰਿਆ ਸੀ। ਦੱਸਦੇ ਹਨ ਕਿ ਇਸ ਗੱਲ ਨਾਲ ਹਿੰਦੂ-ਮੁਸਲਮਾਨਾਂ ਵਿਚ ਗੁਰੂ ਜੀ ਦਾ ਮਾਣ-ਸਤਿਕਾਰ ਹੋਰ ਵਧ ਗਿਆ। ਗੁਰਦੁਆਰਾ ਕਿਆਰਾ ਸਾਹਿਬ ਉਸੇ ਖੇਤ ਵਿਚ ਹੀ ਬਣਿਆ ਹੋਇਆ ਹੈ ਅਤੇ 2017 ਦੌਰਾਨ ਇਸ ਦਾ ਨਵਨਿਰਮਾਣ ਕਰਵਾ ਕੇ ਇਸ ਨੂੰ ਸੰਗਤ ਲਈ ਖੋਲ੍ਹਿਆ ਗਿਆ ਹੈ।

# ਸਰਬ ਸਾਂਝਾ ਪੀਰ ਨਾਨਕ

**ਪ੍ਰਿੰਸੀਪਲ ਜੋਗਿੰਦਰ ਸਿੰਘ**

ਇਕ ਨਾਮਵਰ ਉਰਦੂ ਸ਼ਾਇਰ, ਗੁਰੂ ਨਾਨਕ ਦੇਵ ਜੀ ਦੀ ਨੂਰਾਨੀ ਅਤੇ ਰੂਹਾਨੀ ਸ਼ਖ਼ਸੀਅਤ ਨੂੰ ਇਸ ਤਰ੍ਹਾਂ ਪੁਰ-ਖ਼ਲੂਸ ਸਿਜਦਾ ਕਰਦਾ ਹੈ-

'ਪੀਰ-ਏ ਨਨਕਾਣਾ ਤੇਰੀ ਰੂਹ-ਏ ਸਦਾਕਤ ਕੋ ਸਲਾਮ
ਜਾਵੇਦਾਂ ਪਰਚਮੇਂ ਉਲਫ਼ਤ ਤੇਰਾ ਲਹਿਰਾਤਾ ਰਹੇ।'

(ਨਨਕਾਣੇ ਦੇ ਪੀਰ, ਤੇਰੀ ਪਾਕ-ਪਵਿੱਤਰ ਰੂਹ ਨੂੰ ਸਲਾਮ। ਤੇਰੀ ਮੁਹੱਬਤ ਦਾ ਪਰਚਮ (ਝੰਡਾ) ਸਦਾ ਠਹਿਰਾਉਂਦਾ ਰਹੇ।)

ਹਕੀਕਤ ਹੈ, ਨਾਨਕ ਪੀਰ ਦੀ ਪਾਕ, ਪਵਿੱਤਰ, ਅਨਮੋਲ ਅਤੇ ਅਨੂਠੀ ਮਾਨਵੀ ਵਿਚਾਰਧਾਰਾ, ਮਜ਼੍ਹਬਾਂ ਦੀਆਂ ਸੰਕੀਰਨ ਬੰਦਸ਼ਾਂ ਅਤੇ ਉਚ-ਨੀਚ ਦੇ ਭੇਦ-ਭਾਵ ਦੀਆਂ ਤੰਗ ਦੀਵਾਰਾਂ ਤੋਂ ਕਿਤੇ ਉਚੇਰੀ ਹੈ। ਗੁਰੂ ਨਾਨਕ ਦੇਵ ਜੀ ਦੀ ਸਾਂਝੀਵਾਲਤਾ, ਏਕਤਾ ਅਤੇ ਸਮਾਜਿਕ ਸਮਦ੍ਰਿਸ਼ਟੀ ਦੀ ਵਿਚਾਰਧਾਰਾ, ਮਨੁੱਖਤਾ ਲਈ ਪਿਆਰ, ਸਨੇਹ, ਭਗਤੀ ਰਸ ਅਤੇ ਹਮਦਰਦੀ ਦਾ ਸਰੋਤ ਹੋਣ ਸਦਕਾ,

ਸਾਹਿਬ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਅੰਗ 350) ਅਤੇ
ਮਾਨਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥ (ਮਹਲਾ, ਅੰਗ 751)

ਜਿਹੇ ਅਨਮੋਲ ਉਪਦੇਸ਼ਾਂ ਦੀ ਸਾਰਥਿਕਤਾ ਨੂੰ ਰੂਪਮਾਨ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਉੱਚੀ ਕੁੱਲ ਅਤੇ ਉੱਚੀ ਜਾਤ ਨੂੰ ਨਾ ਕੇਵਲ ਨਿਰਮੂਲ ਦੱਸਿਆ, ਸਗੋਂ ਅਜਿਹੀ ਨਿਰਾਧਾਰ ਸਮਾਜਿਕ ਅਤੇ ਧਾਰਮਿਕ ਸੋਚ ਦੀ ਨਿਖੇਧੀ ਇਸ ਤਰ੍ਹਾਂ ਕੀਤੀ-

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥ (ਅੰਗ 469)

ਸੱਚ ਜਾਣੋ, ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਇਕ ਅਜਿਹੀ ਦਰਸਗਾਹ ਰੂਪੀ ਟਕਸਾਲ ਹੈ, ਜਿਥੇ ਜੀਵਨ ਦੀਆਂ ਅਟਲ ਸਚਾਈਆਂ ਦੇ ਰੇੜਕੇ 'ਚੋਂ ਸ਼ਬਦਾਂ ਦੀ ਸੁਚੱਜੀ ਚੋਣ, ਸੁੰਦਰ ਘਾੜਤ ਅਤੇ ਸੁਘੜ ਵਰਤੋਂ ਦੁਆਰਾ ਅਣਗਿਣਤ ਉੱਤਮ ਅਤੇ ਸ੍ਰੇਸ਼ਠ ਵਿਚਾਰਾਂ ਰੂਪੀ ਮਾਣਕ ਮੋਤੀ ਅਤੇ ਹੀਰੇ ਪੰਨੇ ਤਰਾਸ਼ੇ ਗਏ ਹਨ।

ਨਾਨਕ ਪੀਰ ਦਾ ਹਰ ਬੋਲ ਅਨਮੋਲ ਅਤੇ ਅਤੋਲ ਏ, ਹਰ ਕੂਕ 'ਚ ਮਾਨਵੀ ਦਰਦ ਭਰੀ ਹੂਕ ਏ, ਹਰ ਪੁਕਾਰ 'ਚ ਕ੍ਰਾਂਤੀਕਾਰੀ ਲਲਕਾਰ ਏ ਅਤੇ ਹਰ ਮਨੁੱਖੀ ਕਾਰਜ 'ਚ ਸੁੱਚੀ ਕਿਰਤ ਦਾ ਸਤਿਕਾਰ ਏ। ਇਸ ਹਕੀਕਤ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਗੁਰੂ ਨਾਨਕ ਦੇਵ ਜੀ ਦੇ ਜਨਮ ਲੈਣ 'ਤੇ ਕੀਤੀ ਗਈ ਭਵਿੱਖਬਾਣੀ-

'ਮਿਟੀ ਧੁੰਧ ਜਗਿ ਚਾਨਣੁ ਹੋਆ॥' ਸੌ ਵਿਸਵੇ ਖਰੀ ਉਤਰੀ।

ਸੱਚਮੁੱਚ ਗੁਰੂ ਨਾਨਕ ਦੇਵ ਜੀ ਏਕਤਾ ਦੇ ਆਸ਼ਕ, ਮਨੁੱਖਤਾ ਦੇ ਉਪਾਸ਼ਕ, ਇਲਾਹੀ ਨੂਰ, ਸਾਂਝੀਆਂ ਕਦਰਾਂ ਦੇ ਜ਼ਹੂਰ, ਪ੍ਰੇਮੀ ਵਣਜਾਰੇ ਅਤੇ ਜੀਵਨ-ਜਾਚ ਦੇ ਚਾਨਣ ਮੁਨਾਰੇ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੀ ਨਿਰਦਈ ਅਤੇ ਅੱਤਿਆਚਾਰੀ ਰਾਜ ਸੱਤਾ ਦੀ ਡਟ ਕੇ ਨਿਖੇਧੀ ਕੀਤੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਆਰਥਿਕ, ਸਮਾਜਿਕ, ਰਾਜਨੀਤਕ ਅਤੇ ਅਧਿਆਤਮਕ ਤਾਣਾ-ਬਾਣਾ ਵਿਗੜਿਆ ਹੋਇਆ ਸੀ। ਅਧਿਆਤਮਵਾਦ ਦੇ ਰੰਗ 'ਚ ਰੰਗੇ ਨਾਨਕ ਨੇ ਉਸ ਸਮੇਂ ਦੇ ਸਮਾਜ 'ਚ ਪਸਰੀ ਮਲੀਨਤਾ ਨੂੰ ਦੂਰ ਕਰਨ ਲਈ ਪੁਰਜ਼ੋਰ ਆਵਾਜ਼ ਬੁਲੰਦ ਕੀਤੀ। ਅਜਿਹੇ ਰੱਬੀ-ਰਹਿਮਤ ਵਾਲੇ ਕ੍ਰਾਂਤੀਕਾਰੀ ਬਾਰੇ ਡਾ: ਮੁਹੰਮਦ ਇਕਬਾਲ ਨੇ ਲਿਖਿਆ ਏ ਇਸ ਤਰ੍ਹਾਂ-

ਫਿਰ ਉਠੀ ਆਖਿਰ ਸਦਾਅ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਯਾ ਖ਼੍ਵਾਬ ਸੇ॥

ਸਮਾਜਿਕ ਚੇਤਨਤਾ ਅਤੇ ਸੁਚੱਜੀ ਜੀਵਨ ਜਾਚ ਦੇ ਸਿਧਾਂਤਾਂ ਪੱਖੋਂ ਅਗਿਆਨਤਾ ਦੀ ਚਾਦਰ ਤਾਣ ਕੇ ਸੁੱਤੀ ਲੋਕਾਈ ਨੂੰ ਜਾਗ੍ਰਿਤ ਅਤੇ ਸੁਚੇਤ ਕਰਨ ਲਈ ਗੁਰੂ ਨਾਨਕ ਇਕ ਕਾਮਲ ਮੁਰਸ਼ਦ ਸਾਬਤ ਹੋਏ। ਉਸ ਸਮੇਂ ਫਿਰਕੂ ਸੋਚ, ਕਾਣੀ ਵੰਡ, ਧਾਰਮਿਕ ਸੰਕੀਰਨਤਾ ਅਤੇ ਸਮਾਜਿਕ ਵੈਰ-ਵਿਰੋਧ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ ਦਾ ਧਾਰਮਿਕ ਈਮਾਨ ਨਾ ਸਿਰਫ ਜਨ-ਸਾਧਾਰਨ ਨੂੰ ਕੁਰਾਹੇ ਪਾ ਰਿਹਾ

ਬਾਕੀ ਸਫ਼ਾ 28 'ਤੇ

## ਕਾਰਸੇਵਾ ਦੀ ਦਸਵੀਂ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ 24 ਮਾਰਚ ਨੂੰ

**ਸ਼ਿਕਾਗੋ/ਮੱਖਣ ਸਿੰਘ ਕਲੇਰ**

ਇਥੋਂ ਦੇ ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਸੰਨ 2008 ਵਿਚ ਸੰਗਤ ਦੇ ਕੁਝ ਮੈਂਬਰਾਂ ਨੇ ਸਾਂਝੇ ਤੌਰ ਤੇ ਕੁਝ ਕਾਰਜ ਆਰੰਭੇ ਸਨ। ਸਮੇਂ ਦੇ ਚਲਦਿਆਂ ਇਹ ਕਾਰਜ ਵੀ ਵੱਡੇ ਹੁੰਦੇ ਗਏ ਤੇ ਕਾਰ ਸੇਵਕਾਂ ਦਾ ਕਾਫਲਾ ਵੀ ਵੱਡਾ ਹੁੰਦਾ ਗਿਆ। ਇਸ ਕਾਰ ਸੇਵਾ ਨੂੰ ਸ਼ੁਰੂ ਕੀਤਿਆਂ ਹੁਣ ਜਦੋਂ 10 ਸਾਲ ਪੂਰੇ ਹੋ ਗਏ ਹਨ, ਤਾਂ ਇਸ ਦੀ ਦਸਵੀਂ ਵਰ੍ਹੇਗੰਢ ਦੇ ਸਬੰਧ ਵਿਚ ਗੁਰਦੁਆਰਾ ਸਾਹਿਬ ਵਿਖੇ 22 ਮਾਰਚ ਸ਼ੁੱਕਰਵਾਰ ਨੂੰ ਸ੍ਰੀ ਆਖੰਡਪਾਠ ਸਾਹਿਬ ਆਰੰਭ ਕੀਤੇ ਜਾਣਗੇ ਜਿਨ੍ਹਾਂ ਦੇ ਭੋਗ 24 ਮਾਰਚ ਐਤਵਾਰ ਸਵੇਰੇ 10 ਵਜੇ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿਚ ਕਾਰ ਸੇਵਾ ਦੁਆਰਾ ਗੁਰਦੁਆਰਾ ਸਾਹਿਬ ਅੰਦਰ ਪਿਛਲੇ ਦਸ ਸਾਲਾਂ ਵਿਚ ਕੀਤੇ ਗਏ ਕਾਰਜਾਂ ਨੂੰ ਵੱਡੀ ਸਕਰੀਨ ਉਤੇ ਦਿਖਾਇਆ ਜਾਏਗਾ। ਇਸ ਮੌਕੇ ਕਾਰ ਸੇਵਕਾਂ ਦੀ ਹੌਂਸਲਾ-ਅਫਜਾਈ ਵੀ ਕੀਤੀ ਜਾਏਗੀ। ਇਸ ਕਾਰ ਸੇਵਾ ਉਤੇ ਇਕ ਕਿਤਾਬ ਵੀ ਛਪਵਾਈ ਜਾ ਰਹੀ ਹੈ ਜਿਸ ਵਿਚ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ ਦੇ ਇਤਿਹਾਸ ਦਾ ਵਰਨਣ ਕੀਤਾ ਜਾਏਗਾ। ਇਥੇ ਇਹ ਵੀ ਵਰਨਣ ਕਰਨਾ ਜਰੂਰੀ ਹੈ ਕਿ ਸਾਲ 2008 ਤੋਂ ਪਹਿਲਾਂ ਇਹ ਗੁਰਦੁਆਰਾ ਸਾਹਿਬ ਇਕ ਜੰਗਲ ਰੂਪੀ ਦਰੱਖਤਾਂ ਵਿਚ ਘਿਰਿਆ ਹੋਇਆ ਸੀ। ਕਾਰ ਸੇਵਕਾਂ ਵਲੋਂ ਉਸ ਜੰਗਲ ਨੂੰ ਦੋ ਕੁ ਸਾਲਾਂ ਵਿਚ ਖਤਮ ਕਰਕੇ ਅਤੇ ਜ਼ਮੀਨ ਨੂੰ ਪੱਧਰਾ ਕਰਕੇ ਅਤਿ ਸੁੰਦਰ ਲੈਂਡਸਕੇਪਿੰਗ ਕਰਕੇ ਸੋਹਣੇ ਫੁੱਲਾਂ ਤੇ ਫਲਾਂ ਵਾਲੇ ਬੂਟੇ ਲਾਏ ਗਏ। ਇਸ ਨਾਲ ਗੁਰਦੁਆਰਾ ਸਾਹਿਬ ਦੀ ਅੰਦਰੋਂ ਤੇ ਬਾਹਰੋਂ ਦਿੱਖ ਹੀ ਬਦਲ ਗਈ। ਗੁਰਦੁਆਰਾ ਸਾਹਿਬ ਦੇ ਇਹ ਕਾਰਜ ਲੱਖਾਂ ਡਾਲਰਾਂ ਵਿਚ ਹੋਣ ਵਾਲੇ ਸਨ, ਜੋ ਕਾਰ ਸੇਵਕਾਂ ਨੇ ਕੁਝ ਕੁ ਹਜ਼ਾਰਾਂ ਡਾਲਰਾਂ ਵਿਚ ਨੇਪਰੇ ਚਾੜ੍ਹ ਕੇ ਗੁਰਦੁਆਰਾ ਸਾਹਿਬ ਦੇ ਫੰਡਾਂ ਦੀ ਬਹੁਤ ਵੱਡੀ ਬੱਚਤ ਕੀਤੀ ਹੈ। ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਇਹ ਕਾਰ ਸੇਵਾ ਦੇ ਕਾਰਜ ਪੰਥਕ ਸਲੇਟ ਵਲੋਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੰਭਾਲਣ ਤੋਂ ਬਾਅਦ ਸ਼ੁਰੂ ਕੀਤੇ ਗਏ ਸਨ। ਭਾਵੇਂ ਕਿ ਪਹਿਲਾਂ ਕੁਝ ਕੁ ਵਿਰੋਧ ਵੀ ਝੱਲਣਾ ਪਿਆ ਸੀ।ਕਾਰ ਸੇਵਕਾਂ ਵਿਚ ਸੇਵਾ ਪ੍ਰਤੀ ਅਥਾਹ ਪਿਆਰ ਤੇ ਸ਼ਰਧਾ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਭ ਆਰੰਭੇ ਕਾਰਜ ਨੇਪਰੇ ਚੜ੍ਹਦੇ ਗਏ ਤੇ ਅਗੇ ਵਧਦੇ ਗਏ। ਕਾਰ ਸੇਵਕ ਜਥੇ ਦੇ ਮੋਢੀ ਮੈਂਬਰਾਂ ਵਲੋਂ ਸਮੂਹ ਸੰਗਤਾਂ ਨੂੰ 24 ਮਾਰਚ ਐਤਵਾਰ ਨੂੰ ਵੱਧ ਤੋਂ ਵੱਧ ਗੁਰਦੁਆਰਾ ਸਾਹਿਬ ਵਿਖੇ ਆਉਣ ਦੀ ਬੇਨਤੀ ਕੀਤੀ ਗਈ ਹੈ।

## ਸਾਨ ਫਰਾਂਸਿਸਕੋ : ਗਦਰ ਮੈਮੋਰੀਅਲ ਪ੍ਰਾਜੈਕਟ 2021 ਤਕ ਹੋ ਜਾਵੇਗਾ ਮੁਕੰਮਲ

**ਸਾਨ ਫਰਾਂਸਿਸਕ/ਹੁਸਨ ਲੜੋਆ ਬੰਗਾ :** ਭਾਰਤੀ ਅਜ਼ਾਦੀ ਘੁਲਾਟੀਆਂ ਦੀ ਯਾਦ ਵਿਚ ਗਦਰ ਮੈਮੋਰੀਅਲ ਰੀਸਟੋਰੇਸ਼ਨ ਪ੍ਰਾਜੈਕਟ ਜੋ ਇਸ ਸਾਲ ਮੁਕੰਮਲ ਕੀਤਾ ਜਾਣਾ ਸੀ, ਉਹ 2021 ਵਿਚ ਮੁਕੰਮਲ ਹੋਵੇਗਾ। ਇਸ ਪ੍ਰਾਜੈਕਟ ਉਪਰ 90 ਲੱਖ ਡਾਲਰ ਲਾਗਤ ਆਵੇਗੀ ਜਿਸ ਦਾ ਭੁਗਤਾਨ ਭਾਰਤ ਸਰਕਾਰ ਕਰੇਗੀ। ਲਾਇਰ ਐਂਡ ਐਸੋਸੀਏਟਸ ਸਾਨ ਫਰਾਂਸਿਸਕੋ ਦੇ ਅਧਿਕਾਰੀ ਅਰਵਿੰਦ ਲਾਇਰ ਤੇ ਭਾਰਤੀ ਕੌਂਸਲ ਵੈਸਟ ਕੋਸਟ ਸੰਜੇ ਪਾਂਡਾ ਨੇ ਇਸ ਸੰਬੰਧੀ ਇਕਰਾਰਨਾਮੇ ਉਪਰ ਦਸਤਖਤ ਕੀਤੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਘੀਆਂ ਸਿੱਖ ਸਖਸ਼ੀਅਤਾਂ ਹਾਜਰ ਸਨ। ਪਾਂਡਾ ਨੇ ਦੱਸਿਆ ਕਿ ਹੁਣ ਇਸ ਪ੍ਰਾਜੈਕਟ ਦੀ ਪ੍ਰਵਾਨਗੀ ਸਾਨ ਫਰਾਂਸਿਸਕੋ ਪਲੈਨਿੰਗ ਕਮਿਸ਼ਨ ਵੱਲੋਂ ਦਿੱਤੀ ਜਾਵੇਗੀ।



ਦੋ ਸਾਲਾਂ ਵਿਚ ਮੁਕੰਮਲ ਕੀਤੇ ਜਾਣ ਵਾਲੇ ਇਸ ਪ੍ਰਾਜੈਕਟ ਤਹਿਤ ਮੌਜੂਦਾ ਢਾਂਚੇ ਨੂੰ ਪੂਰੀ ਤਰਾਂ ਢਾਹਿਆ ਜਾਵੇਗਾ ਜਿਸ ਉਪਰੰਤ 4 ਮੰਜਿਲਾ ਇਮਾਰਤ ਦੀ ਉਸਾਰੀ ਕੀਤੀ ਜਾਵੇਗੀ। ਪਾਂਡਾ ਨੇ ਕਿਹਾ ਹੈ ਕਿ ਇਸ ਪ੍ਰਾਜੈਕਟ ਦੀ ਭਾਰਤੀਆਂ ਲਈ ਬੇਹੱਦ ਮਹੱਤਤਾ ਹੈ। ਇਹ ਯਾਦਗਾਰ ਜਿਨ੍ਹਾਂ ਦੇਸ਼ ਭਗਤਾਂ ਨੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ, ਉਨਾਂ ਦੇ ਮਹਾਨ ਬਲਿਦਾਨ ਦਾ ਪ੍ਰਤੀਕ ਹੋਵੇਗੀ। ਉਨਾਂ ਕਿਹਾ ਕਿ ਗਦਰ ਪਾਰਟੀ ਨੇ ਭਾਰਤ ਦੀ ਅਜ਼ਾਦੀ ਵਿਚ ਬੇਮਿਸਾਲ ਯੋਗਦਾਨ ਪਾਇਆ। ਗਦਰੀ ਯੋਧਿਆਂ ਨੇ ਭਾਰਤੀਆਂ ਵਿਚ ਆਜ਼ਾਦੀ ਦੀ ਚਿੰਗਾਰੀ ਪੈਦਾ ਕੀਤੀ। ਇਸ ਪ੍ਰਾਜੈਕਟ ਨੂੰ ਲੈ ਕੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਤੇ ਸਿੱਖ ਭਾਈਚਾਰੇ ਵਿਚ ਬਹੁਤ ਉਤਸ਼ਾਹ ਹੈ।

## ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਵੱਲੋਂ 'ਰੰਗਲਾ ਪੰਜਾਬ 2019' 6 ਅਪ੍ਰੈਲ ਨੂੰ

**ਪੈਲਾਟਾਈਨ/ਏਟੀ ਨਿਊਜ਼ :**

ਪੰਜਾਬੀ ਕਲਚਰਲ ਸੁਸਾਇਟੀ ਆਫ ਸ਼ਿਕਾਗੋ (ਪੀਸੀਐਸ) ਨੇ ਸਾਲ-2019 ਲਈ ਆਪਣੇ ਵਰਕਿੰਗ ਬੋਰਡ ਦਾ ਗਠਨ ਕੀਤਾ ਹੈ। ਹਰਵਿੰਦਰਪਾਲ ਸਿੰਘ ਲਾਇਲ ਨੂੰ ਸਾਲ 2019 ਦੇ ਨਵੇਂ ਪੀਸੀਐਸ ਪ੍ਰਧਾਨ ਨਾਮਜ਼ਦ ਕੀਤਾ ਗਿਆ ਹੈ, ਜਦ ਕਿ ਬਾਕੀ ਚੁਣੇ ਗਏ ਪੀਸੀਐਸ ਬੋਰਡ ਡਾਇਰੈਕਟਰਜ਼ ਵਿਚ ਵਿਕ ਸਿੰਘ ਉਪ-ਪ੍ਰਧਾਨ ਤੇ ਸਲਾਹਕਾਰ ਬੋਰਡ, ਪ੍ਰਵਿੰਦਰ ਸਿੰਘ ਨਨੂਆ ਕਾਰਜਕਾਰੀ ਸਕੱਤਰ, ਮਨਜੀਤ ਸਿੰਘ ਭੱਲਾ ਵਿੱਤ ਡਾਇਰੈਕਟਰ, ਭੁਪਿੰਦਰ ਸਿੰਘ ਧਾਲੀਵਾਲ ਇੰਟਰ-ਕਮਿਊਨਿਟੀ ਡਾਇਰੈਕਟਰ, ਨਵਤੇਜ ਸਿੰਘ ਸੋਹੀ ਅਸਿਸਟੈਂਟ ਕਾਰਜਕਾਰੀ ਸਕੱਤਰ, ਬਿਕਰਮ ਸਿੰਘ ਸੋਹੀ ਅਸਿਸਟੈਂਟ ਵਿੱਤ ਡਾਇਰੈਕਟਰ, ਗੁਰਲਾਲ ਸਿੰਘ ਭੱਠਲ ਯੂਥ ਡਾਇਰੈਕਟਰ ਅਤੇ ਪਰਮਜੀਤ ਸਿੰਘ ਪਰਮਾਰ ਸਪੋਰਟਸ ਡਾਇਰੈਕਟਰ ਦੇ ਨਾਮ ਸ਼ਾਮਿਲ ਹਨ। ਗੌਰਤਲਬ ਹੈ ਕਿ ਪੀਸੀਐਸ ਇੱਕ ਗੈਰ ਸਰਕਾਰੀ, ਗੈਰ ਮੁਨਾਫਾਯੋਗ ਕਮਿਊਨਿਟੀ ਸੇਵਾ ਸੰਸਥਾ ਹੈ, ਜਿਸ ਦਾ ਉਦੇਸ਼ ਭਾਈਚਾਰੇ ਵਿਚ ਪੰਜਾਬੀ ਸਭਿਆਚਾਰ ਨੂੰ ਉਤਸ਼ਾਹ ਦੇਣਾ ਹੈ।

ਪੀਸੀਐਸ ਬੋਰਡ ਆਫ਼ ਗਵਰਨਰਜ਼ ਦੀ ਮੌਜੂਦਗੀ ਵਿਚ ਪ੍ਰਧਾਨ ਹਰਵਿੰਦਰਪਾਲ ਸਿੰਘ ਲਾਇਲ ਨੇ ਕਿਹਾ ਕਿ "ਮੈਨੂੰ ਇਸ ਸਾਲ ਪੀਸੀਐਸ ਦੀ 25 ਵੀਂ ਵਰ੍ਹੇਗੰਢ ਮਨਾਉਣ ਲਈ ਪੰਜਾਬੀ ਕਮਿਊਨਿਟੀ ਤੋਂ ਰਲ ਮਿਲ ਕੇ ਕੰਮ ਕਰਨ ਦੀ ਉਮੀਦ ਹੈ। ਸਮੁੱਚੇ ਸਲਾਹਕਾਰ ਬੋਰਡ ਨੇ ਕਿਹਾ ਕਿ ਸਾਡੀ ਟੀਮ ਨਿਰਧਾਰਿਤ ਪੀਸੀਐਸ ਪ੍ਰੋਗਰਾਮਾਂ ਰਾਹੀਂ ਆਪਣੀ ਨਵੀਂ ਪੀੜ੍ਹੀ ਨੂੰ ਆਪਸ ਵਿਚ ਜੋੜਨ ਲਈ ਸਖਤ ਮਿਹਨਤ ਕਰ ਰਹੀ ਹੈ। ਇਸ ਕੰਮ ਲਈ ਸਾਰੇ ਪੀਸੀਐਸ ਨਿਰਦੇਸ਼ਕ ਆਪਣੇ ਕਿੱਤੇ ਵਿੱਚ ਪੇਸ਼ੇਵਰ ਮਾਹਿਰ ਰੱਖੇ ਜਾਂਦੇ ਹਨ।



ਸੁਸਾਇਟੀ ਦੀਆਂ ਆਗਾਮੀ ਗਤੀਵਿਧੀਆਂ ਵਿਚ ਪੀਸੀਐਸ ਫਲੈਗਸ਼ਿਪ ਪ੍ਰੋਗਰਾਮ "ਰੰਗਲਾ ਪੰਜਾਬ 2019" ਸ਼ਨਿਚਰਵਾਰ 6 ਅਪ੍ਰੈਲ, 2019 ਨੂੰ, ਸ਼ਾਮ 6:30 ਵਜੇ ਕਾਲਜ ਆਫ ਡੂਪੇਜ ਆਡੀਟੋਰੀਅਮ, 425 ਗਲੇਨ ਏਲਿਨ, ਵਿਖੇ ਕਰਵਾਇਆ ਜਾਵੇਗਾ। ਇਸ ਵਾਸਤੇ ਉਪ-ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਰੰਗਲਾ ਪੰਜਾਬ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਯੁਵਾ ਵਲੰਟੀਅਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਭੰਗੜੇ ਅਤੇ ਗਿੱਧੇ ਦੀਆਂ ਟੀਮਾਂ ਦੀ ਰਿਹਰਸਲ ਦਾ ਕੰਮ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ। ਪੰਜਾਬੀ ਭਾਈਚਾਰੇ ਦੇ ਨੌਜਵਾਨਾਂ ਸਮੇਤ ਦੂਜੇ ਲੋਕ ਵੀ ਪੰਜਾਬੀ ਸਭਿਆਚਾਰ ਬਾਰੇ ਸਿੱਖ ਰਹੇ ਹਨ। ਇਸ ਪ੍ਰੋਗਰਾਮ ਨੂੰ ਦੇਖਣ ਆਉਣ ਵਾਲੇ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੀਆਂ ਟਿਕਟਾਂ ਸਮਾਂ ਰਹਿੰਦੇ ਖਰੀਦ ਲੈਣ ਕਿਉਂਕਿ ਇਹ ਆਡੀਟੋਰੀਅਮ ਦੀ ਸਮਰੱਥਾ ਮੁਤਾਬਕ ਹੀ ਹੋਣਗੀਆਂ। 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਮੁਫਤ ਐਂਟਰੀ ਹੋਵੇਗੀ ਪਰ ਇਸ ਵਾਸਤੇ ਵੱਖਰੇ ਤੌਰ 'ਤੇ ਖਾਲੀ ਸੀਟਾਂ ਪ੍ਰਦਾਨ ਨਹੀਂ ਕੀਤੀਆਂ ਜਾਣਗੀਆਂ।

## ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ 'ਤੇ ਲੱਗੀਆਂ ਰੌਣਕਾਂ





**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਸੈਂਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਵਿਖੇ ਜੀਐਚਜੀ. ਅਕੈਡਮੀ ਵੱਲੋਂ ਸਮੂਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 'ਸ਼ਹੀਦ ਜਸਵੰਤ ਸਿੰਘ ਖਾਲੜਾਂ' ਪਾਰਕ ਵਿਚ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ ਦਾ ਆਗਾਜ਼ ਕੀਤਾ ਗਿਆ। ਇਸ ਦੀ ਸੁਰੂਆਤ ਗੁਰਮਤਿ ਮਰਿਆਦਾ ਅਨੁਸਾਰ ਅਰਦਾਸ ਕਰਨ ਉਪਰੰਤ ਕੀਤੀ ਗਈ। ਉਪਰੰਤ ਪਾਰਕ ਵਿਚ ਪ੍ਰਬੰਧਕਾਂ ਅਤੇ ਸਥਾਨਿਕ ਗੱਤਕਾ ਗਰੁੱਪ ਨੇ ਰਲ ਕੇ ਅਮਰੀਕਾ ਦੇ ਝੰਡੇ ਅਤੇ ਖਾਲਸਾਈ ਝੰਡੇ ਚੁੱਕ ਕੇ ਮਾਰਚ ਕੀਤਾ। ਇਸੇ ਦੌਰਾਨ ਗੱਤਕੇ ਦੇ ਜੌਹਰ ਵੀ ਦਿਖਾਏ ਗਏ। ਗੱਤਕਾ ਦਲ ਦੇ ਬੱਚਿਆਂ ਦੇ ਜੌਹਰ ਦੇਖ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਹੋਲਾ-ਮਹੱਲਾ ਦਾ ਮਹੌਲ ਨਜ਼ਰ ਆ ਰਿਹਾ ਸੀ। ਅਸਲ ਵਿਚ ਇਹ ਸਭ ਕਿਸੇ ਪੰਜਾਬੀ ਮੇਲੇ ਦੀ ਤਰ੍ਹਾਂ ਪੰਜਾਬੀ ਸੱਭਿਆਚਾਰ ਦੀ ਤਸਵੀਰ ਪੇਸ਼ ਕਰ ਰਿਹਾ ਸੀ, ਜਿਸ ਵਿੱਚ ਬੱਚਿਆਂ ਵੱਲੋਂ ਪੰਜਾਬ ਦੀਆਂ ਵਿਸਰ ਰਹੀਆਂ ਵਿਰਾਸਤੀ ਖੇਡਾਂ ਘੋੜਾ ਕਬੱਡੀ, ਪਿੱਠੂ, ਸਟਾਪੂ, ਬੰਟੇ, ਨਿੰਬੂ ਰੇਸ, ਗੁੱਲੀ ਡੰਡਾ, ਰੁਮਾਲ ਚੁੱਕਣਾ, ਬਾਂਦਰ-ਕੀਲਾ, ਖੋ-ਖੋ, ਬੋਲੀਆਂ ਦਾ ਮੁਕਾਬਲਾ, ਤਾਸ਼ ਦੀ ਖੇਡ ਅਤੇ ਹੋਰ ਖੇਡਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਬਾਬਿਆਂ ਦੇ ਗਰੁੱਪਾਂ ਨੇ ਤਾਸ਼ ਦੀ ਸੀਪ ਖੇਡ ਦੇ ਮੁਕਾਬਲੇ ਦਿਖਾਏ। ਇਸੇ ਦੌਰਾਨ ਔਰਤਾਂ ਨੇ ਵੀ ਚਾਟੀ ਰੇਸ, ਮਿਊਜ਼ੀਕਲ ਚੇਅਰ, ਗੀਤ ਅਤੇ ਬੋਲੀਆਂ ਮੁਕਾਬਲੇ ਆਦਿਕ ਕਰਕੇ ਹਾਜ਼ਰੀਨ ਦਾ ਭਰਪੂਰ ਮਨੋਰੰਜਨ ਕੀਤਾ। ਬੱਚੇ ਵਿਰਾਸਤੀ ਖੇਡਾਂ ਸਿੱਖਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਬਹੁਤ ਦਿਲਚਸਪੀ ਦਿਖਾ ਰਹੇ ਸਨ। ਇਸੇ ਦੌਰਾਨ ਸਤਾਰਾਂ ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਦੇ ਬਾਸਕਟਬਾਲ ਮੁਕਾਬਲੇ ਵੀ ਕੀਤੇ ਗਏ। ਛੋਟੇ ਬੱਚਿਆਂ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸ਼ਾਹਤ ਕੀਤਾ ਗਿਆ। ਬੱਚਿਆਂ ਦਾ ਗਿੱਧਾ-ਭੰਗੜਾ ਅਤੇ ਗੀਤ-ਸੰਗੀਤ ਮਨੋਰੰਜਨ ਦਾ ਸਾਧਨ ਬਣੇ। ਚੰਗੀ ਸਿਹਤ ਲਈ ਡਾ. ਅਜੀਤ ਸਿੰਘ ਖਹਿਰਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਮੁਫ਼ਤ ਮੈਡੀਕਲ ਕੈਂਪ ਲਾਇਆ ਗਿਆ। ਚਾਹ-ਪਾਣੀ ਨਾਲ ਪਕੌੜੇ, ਤਾਜਾ ਜਲੇਬੀਆਂ, ਛੋਲੇ-ਭਟੂਰੇ ਅਤੇ ਫਰੂਟਾਂ ਆਦਿ ਦਾ ਖੁੱਲ੍ਹਾ ਪ੍ਰਬੰਧ ਸੀ। ਅੰਤ ਵਿਚ ਪਿਕਨਿਕ ਅਤੇ ਵਿਰਾਸਤੀ ਖੇਡ ਮੇਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਦਾ ਮਾਣ-ਸਨਮਾਨ ਕੀਤਾ ਗਿਆ। ਇਸ ਮੇਲੇ ਦੌਰਾਨ ਚੱਲ ਰਹੇ ਪ੍ਰੋਗਰਾਮ ਨੂੰ ਟੀਵੀ. ਅਤੇ ਅਖ਼ਬਾਰਾਂ ਦੇ ਮਾਧਿਅਮ ਰਾਹੀ ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ ਨੇ ਕਵਰ ਕੀਤਾ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਪਰਮਜੀਤ ਧਾਲੀਵਾਲ, ਊਦੇਦੀਪ ਸਿੰਘ ਸਿੱਧੂ, ਗੁਰਦੀਪ ਸ਼ੇਰਗਿੱਲ, ਬਸੰਤ ਧਾਲੀਵਾਲ, ਸੁਖਦੇਵ ਚੀਮਾ, ਜਗਰੂਪ ਸਿੰਘ, ਜੀਐਚਜੀ. ਅਕੈਡਮੀ ਦੀ ਸਮੁੱਚੀ ਟੀਮ ਅਤੇ ਸਮੂਹ ਪੰਜਾਬੀ ਭਾਈਚਾਰੇ ਦਾ ਭਰਪੂਰ ਸਹਿਯੋਗ ਰਿਹਾ।

## ਭਗਵਿਆਂ ਵਲੋਂ ਯੂਪੀ ਵਿਚ ਕਸ਼ਮੀਰੀਆਂ ਦੀ ਕੁੱਟਮਾਰ

**ਲਖਨਊ/ਏਟੀ ਨਿਊਜ਼ :** ਇਥੋਂ ਦੇ ਡਾਲੀਗੰਜ ਇਲਾਕੇ ਵਿਚ ਸੜਕ ਕਿਨਾਰੇ ਫੜ੍ਹੀ ਲਾ ਕੇ ਡਰਾਈ ਫਰੂਟ ਵੇਚਣ ਵਾਲੇ ਦੋ ਕਸ਼ਮੀਰੀ ਅਬਦੁਲ ਸਲਾਮ ਤੇ ਮੁਹੰਮਦ ਅਫ਼ਜ਼ਲ ਦੀ ਭਗਵੇਂ ਕੱਪੜੇ ਪਾਈ ਕੁਝ ਵਿਅਕਤੀਆਂ ਵੱਲੋਂ ਕੁੱਟਮਾਰ ਕੀਤੇ ਜਾਣ ਦੀ ਵੀਡੀਓ ਵਾਇਰਲ ਹੋਣ ਮਗਰੋਂ ਹਰਕਤ ਵਿਚ ਆਈ ਸਥਾਨਕ ਪੁਲੀਸ ਨੇ ਚਾਰ ਵਿਅਕਤੀਆਂ ਬਜਰੰਗ ਸੋਨਕਰ ,ਹਿਮਾਂਸ਼ੂ ਗਰਗ, ਅਨਿਰੁੱਧ ਤੇ ਅਮਰ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁੱਖ ਮੁਲਜ਼ਮ ਵਿਸ਼ਵ ਹਿੰਦੂ ਦਲ ਦਾ ਪ੍ਰਧਾਨ ਬਜਰੰਗ ਸੋਨਕਰ ਖ਼ਿਲਾਫ਼ ਕਤਲ, ਲੁੱਟ ਤੇ ਚੋਰੀ ਸਮੇਤ ਦਰਜਨ ਦੇ ਕਰੀਬ ਕੇਸ ਦਰਜ ਹਨ। ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀਆਂ ਉਮਰ ਅਬਦੁੱਲਾ ਤੇ ਮਹਿਬੂਬਾ ਮੁਫ਼ਤੀ ਨੇ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਉਹਨਾਂ ਕਿਹਾ ਕਿ ਕਿਹਾ, 'ਆਰਐਸਐਸ/ ਬਜਰੰਗ ਦਲ ਦੇ ਗੁੰਡਿਆਂ ਵੱਲੋਂ ਸੜਕਾਂ 'ਤੇ ਕਸ਼ਮੀਰੀਆਂ ਦੀ ਕੁੱਟਮਾਰ ਕਰਨਾ ਤੇ ਮਗਰੋਂ ਕਸ਼ਮੀਰ ਨੂੰ ਮੁਲਕ ਦਾ 'ਅਟੁੱਟ ਅੰਗ' ਦੱਸਣ ਜਿਹੇ ਜੁਮਲੇ ਨਹੀਂ ਚੱਲਣਗੇ।'

## ਪਿੰਡ ਸੁਰਸਿੰਘ 'ਚ ਲੱਗੇਗਾ ਬੱਚਿਆਂ ਤੇ ਨੌਜਵਾਨਾਂ ਦਾ ਖੇਡ ਕੈਂਪ

**ਤਰਨ ਤਾਰਨ/ਗੁਰਚਰਨ ਸਿੰਘ ਢਿੱਲੋਂ :**

ਪੰਜਾਬ ਕੁਸ਼ਤੀ ਸੰਸਥਾ ਦੇ ਪ੍ਰਧਾਨ ਪਦਮਸ਼੍ਰੀ ਕਰਤਾਰ ਸਿੰਘ ਪਹਿਲਵਾਨ ਦੀ ਸਰਪ੍ਰਸਤੀ ਹੇਠ ਬਾਬਾ ਬਿਧੀ ਚੰਦ ਸਪੋਰਟਸ ਕਲੱਬ ਸੁਰਸਿੰਘ ਵਲੋਂ ਗੁਰਚਰਨ ਸਿੰਘ ਢਿੱਲੋਂ ਦੀ ਅਗਵਾਈ ਹੇਠ ਬ੍ਰਹਮ ਗਿਆਨੀ ਬਾਬਾ ਸੋਹਣ ਸਿੰਘ ਜੀ ਦੀ ਬਰਸੀ ਨੂੰ ਸਮਰਪਿਤ 14 ਤੋਂ 18 ਮਾਰਚ ਸ਼ਾਮ 4 ਵਜੇ ਤੋਂ 6 ਵਜੇ ਤੱਕ ਸਰਕਾਰੀ ਹਾਈ ਸਕੂਲ ਸੁਰਸਿੰਘ (ਤਰਨ ਤਾਰਨ) ਵਿਖੇ ਬੱਚਿਆਂ-ਨੌਜਵਾਨਾਂ ਦਾ ਖੇਡ ਕੈਂਪ ਲਗਾਇਆ ਜਾ ਰਿਹਾ ਹੈ। ਕੈਂਪ ਵਿਚ ਸਰੀਰਕ ਫਿਟਨੈਸ ਲਈ ਟ੍ਰੇਨਿੰਗ ਡੇ, ਕੁਸ਼ਤੀ, ਫੁਟਬਾਲ, ਵਾਲੀਬਾਲ ਅਤੇ ਅਥਲੈਟਿਕਸ ਆਦਿ ਦੀ ਕੋਚਿੰਗ ਮੁਹੱਈਆ ਕੀਤੀ ਜਾਵੇਗੀ। ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਤੰਦਰੁਸਤ ਮਨੋਰੰਜਨ ਦੇ ਕੇ ਖੇਡਾਂ ਵੱਲ ਉਤਸ਼ਾਹਤ ਤੇ ਪ੍ਰੇਰਤ ਕੀਤਾ ਜਾਵੇਗਾ। ਭਾਗ ਲੈਣ ਵਾਲੇ ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ ਸਗੋਂ ਅਮਰੀਕਾ ਨਿਵਾਸੀ ਜਗਦੀਸ਼ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਭਰਾ ਸਾਬਕਾ ਸਰਪੰਚ ਸਵਰਣ ਸਿੰਘ ਵਲੋਂ ਮੁਫ਼ਤ ਸਪੋਰਟਸ ਕਿੱਟ ਅਤੇ ਹਰਦੀਪ ਸਿੰਘ ਸੰਧੂ ਭਿੱਖੀਵਿੰਡ ਵਲੋਂ ਰੀਫ੍ਰੈਸ਼ਮੈਂਟ ਮੁਹੱਈਆ ਕੀਤੀ ਜਾਵੇਗੀ। ਸੁਰਸਿੰਘ ਸਮੇਤ ਇਲਾਕੇ ਦੇ ਬੱਚਿਆਂ ਤੇ ਨੌਜਵਾਨਾਂ ਨੂੰ ਖੇਡ ਕੈਂਪ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ, ਜਿੱਥੇ 14 ਮਾਰਚ ਸ਼ਾਮ 4 ਵਜੇ ਅਰਦਾਸ ਕਰ ਕੇ ਖੇਡ ਕੈਂਪ ਦਾ ਆਰੰਭ ਕੀਤਾ ਜਾਵੇਗਾ। ਖੇਡ ਕੈਂਪ ਦੌਰਾਨ ਬਾਬਾ ਅਵਤਾਰ ਸਿੰਘ ਜੀ ਤੇ ਬਾਬਾ ਗੁਰਬਚਨ ਸਿੰਘ ਜੀ ਤੋਂ ਇਲਾਵਾ ਡੀਸੀ., ਐਸਐਸਪੀ. ਤਰਨ ਤਾਰਨ ਸਮੇਤ ਕਈ ਅਹਿਮ ਸ਼ਖ਼ਸੀਅਤਾਂ ਖਿਡਾਰੀਆਂ ਨੂੰ ਆਸ਼ੀਰਵਾਦ ਦੇਣਗੀਆਂ। ਮਹਾਂਪੁਰਸ਼ ਬ੍ਰਹਮ ਗਿਆਨੀ ਬਾਬਾ ਸੋਹਣ ਸਿੰਘ ਜੀ ਦੀ ਬਰਸੀ 21 ਮਾਰਚ ਨੂੰ ਸਮਰਪਿਤ ਇਸ ਕੈਂਪ ਰਾਹੀਂ ਸੁਰਸਿੰਘ ਤੇ ਇਲਾਕੇ ਦੇ ਬੱਚਿਆਂ-ਨੌਜਵਾਨਾਂ ਤੇ ਖਿਡਾਰੀਆਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵੱਲ ਪ੍ਰੇਰਿਤ ਤੇ ਉਤਸ਼ਾਹਤ ਕਰਕੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੁੜਨ ਲਈ ਸਿੱਖਿਅਤ ਕੀਤਾ ਜਾਵੇਗਾ।

# ਅਸੀਂ ਨਹੀਂ ਚਾਹੁੰਦੇ ਕਿ ਬੰਬਾਂ ਦੀ ਫ਼ਸਲ ਬੀਜੀ ਜਾਵੇ

**ਪ੍ਰਗਟ ਸਿੰਘ ਸਤੌਜ**

ਜਦੋਂ ਵੀ ਕਦੇ ਜੰਗ ਦੀ ਗੱਲ ਛਿੜਦੀ ਹੈ, ਮੇਰੇ ਅੰਦਰ ਬੈਠਾ ਬੰਦਾ ਡਰ ਨਾਲ ਕੰਬ ਜਾਂਦਾ ਹੈ। ਸੰਨ 1947 ਦੀਆਂ ਤਸਵੀਰਾਂ ਮੇਰੇ ਸੁਪਨਿਆਂ ਵਿਚ ਆਉਣ ਲਗਦੀਆਂ ਹਨ। ਗੁਰਦੇਵ ਰੁਪਾਣਾ ਦੀ ਕਹਾਣੀ 'ਹਵਾ' ਵਿਚਲੇ ਬੱਚੇ ਵਰਗੇ ਹਜ਼ਾਰਾਂ ਮਾਸੂਮ ਮੈਨੂੰ ਰੋਂਦੇ ਸੁਣਾਈ ਦੇਣ ਲੱਗਦੇ ਹਨ। ਮੇਰੇ ਵਾਂਗ ਹਜ਼ਾਰਾਂ ਮਾਵਾਂ ਦੇ, ਹਜ਼ਾਰਾਂ ਧੀਆਂ ਦੇ ਮਨਾਂ ਵਿੱਚ ਹੌਲ ਪੈਂਦੇ ਹਨ। ਡਰਾਉਣੇ ਖਿਆਲ ਆਉਂਦੇ ਹਨ। ਰੋਟੀ ਦੀ ਬੁਰਕੀ ਗਲੇ ਤੋਂ ਹੇਠਾਂ ਉੱਤਰਨੀ ਮੁਸ਼ਕਲ ਹੋ ਜਾਂਦੀ ਹੈ। ਇਹ ਸਭ ਜੰਗ ਦੇ ਪ੍ਰਭਾਵ ਹੇਠ ਆਉਣ ਵਾਲੇ ਅਤੇ ਸੰਵੇਦਨਸ਼ੀਲ ਮਨਾਂ ਨੂੰ ਹੀ ਵਿਚਲਤ ਕਰਦਾ ਹੈ। ਕੁਰਸੀ ਲਈ ਲਾਰਾਂ ਟਪਕਾਉਂਦੇ ਨੇਤਾਵਾਂ ਲਈ ਇਹ ਸਿਰਫ਼ ਬਾਂਦਰ ਬਾਂਦਰੀ ਦੀ ਖੇਡ ਹੈ।

ਮੇਰੇ ਯਾਦ ਹੈ ਜਦੋਂ ਆਗਰੇ ਸਾਰਕ ਦੇਸ਼ਾਂ ਦੇ ਸਾਹਿਤਕ ਪ੍ਰੋਗਰਾਮ ਵਿਚ ਮੈਂ ਆਪਣੇ ਪਾਕਿਸਤਾਨੀ ਦੋਸਤ ਨੂੰ ਕੁਝ ਪੈਸੇ ਦੇ ਕੇ ਕਿਹਾ ਸੀ, "ਮੇਰੇ ਵੱਲੋਂ ਇਹਨਾਂ ਪੈਸਿਆਂ ਦੀਆਂ ਮੇਰੀ ਭਤੀਜੀ ਲਈ ਚੂੜੀਆਂ ਲੈ ਜਾਵੀਂ।"

ਉਸ ਦਾ ਘਰ ਪਹੁੰਚ ਕੇ ਫੋਨ ਆਇਆ ਸੀ, "ਤੇਰੇ ਪੈਸਿਆਂ ਦੀਆਂ ਮੈਂ ਬੱਚਿਆਂ ਲਈ ਚੂੜੀਆਂ ਤੇ ਸੌਗਾਤਾਂ ਲੈ ਗਿਆ ਸੀ। ਉਹਨਾਂ ਨੇ ਆਪਣੇ ਚਾਚੇ ਨੂੰ ਸਲਾਮ ਭੇਜੀ ਹੈ।"

ਹੁਣ ਜਦੋਂ ਜੰਗ ਦੀ ਗੱਲ ਚੱਲੀ ਹੈ, ਮੈਨੂੰ ਉਹਨਾਂ ਚੂੜੀਆਂ ਦਾ ਚੇਤਾ ਵਾਰ ਵਾਰ ਆ ਰਿਹਾ ਹੈ, 'ਕਿਤੇ ਉਹ ਟੁੱਟ ਤਾਂ ਨਹੀਂ ਜਾਣਗੀਆਂ?'

ਇਹਨਾਂ ਚੂੜੀਆਂ ਦੇ ਟੁੱਟਣ ਦਾ ਇੱਧਰ ਵੀ ਤੇ ਉੱਧਰ ਵੀ ਸਾਰੇ ਚਾਚਿਆਂ-ਤਾਇਆਂ, ਬਾਪੂਆਂ ਤੇ ਮਾਵਾਂ ਨੂੰ ਡਰ ਹੈ। ਸੁਹਾਗਣਾਂ ਸੌ ਸੌ ਸੁੱਖਾਂ ਸੁੱਖ ਰਹੀਆਂ ਹਨ ਕਿ ਉਹਨਾਂ ਦੀਆਂ ਚੂੜੀਆਂ ਸਲਾਮਤ ਰਹਿਣ। ਜੰਗ ਨਾਲ ਚੂੜੀਆਂ ਦੇ ਟੁੱਟਣ ਨਾਲ ਪਿੱਛੇ ਰਹਿ ਗਿਆਂ 'ਤੇ ਦੁੱਖਾਂ ਦੇ ਪਹਾੜ ਟੁੱਟਦੇ ਹਨ। ਦਿਲ ਟੁੱਟਦੇ ਹਨ। ਉਡੀਕਾਂ ਟੁੱਟ ਜਾਂਦੀਆਂ ਹਨ। ਸਾਰਾ ਪਰਿਵਾਰ ਤੇ ਪੂਰਾ ਦੇਸ ਵੀ ਆਰਥਿਕ ਤੌਰ 'ਤੇ ਟੁੱਟ ਜਾਂਦਾ ਹੈ। ਜਦੋਂ ਜੰਗ ਦੇ ਬੱਦਲ ਮੰਡਰਾਏ ਤਾਂ ਮੇਰੇ ਫ਼ੌਜੀ ਦੋਸਤ ਦੀ ਘਰਵਾਲੀ ਨੇ ਕਿਹਾ, ਮੋਦੀ ਆਪਣੇ 'ਮਨ ਕੀ ਬਾਤ' ਤਾਂ ਕਹਿ ਦਿੰਦਾ ਹੈ ਕਦੇ ਸਾਡੇ 'ਮਨ ਕੀ ਬਾਤ' ਵੀ ਸੁਣ ਲਏ।' ਉਸ ਦਾ ਇਹ ਡਰ ਵਿਚ ਘੁਲਿਆ ਉਲਾਂਭਾ ਚੂੜੀਆਂ ਟੁੱਟ ਜਾਣ ਦਾ ਡਰ ਸੀ ਤੇ ਪੂਰੇ ਪਰਿਵਾਰ ਦਾ ਤਰਲਾ ਵੀ। ਪਤਾ ਨਹੀਂ ਇਹ ਤਰਲੇ ਜੰਗਾਂ ਛੇੜਨ ਵਾਲਿਆਂ ਨੂੰ ਕਿਉਂ ਨਹੀਂ ਸੁਣਾਈ ਦੇ ਰਹੇ?



**ਅਸੀਂ ਨਹੀਂ ਚਾਹੁੰਦੇ ਕਿ ਦੁਬਾਰਾ 47 ਆਵੇ। ਅਸੀਂ ਨਹੀਂ ਚਾਹੁੰਦੇ ਕਿ ਬੰਬਾਂ ਦੀ ਫ਼ਸਲ ਬੀਜੀ ਜਾਵੇ ਜਿਸ ਵਿੱਚੋਂ ਮੁਰਦੇ ਪੈਦਾ ਹੋਣ। ਅਸੀਂ ਤਾਂ ਫੁੱਲ ਬੀਜਣੇ ਚਾਹੁੰਦੇ ਹਾਂ ਤਾਰ ਦੇ ਆਰ-ਪਾਰ ਸੁਗੰਧੀਆਂ ਵੰਡਣ ਵਾਲੇ। ਇਹ ਫੁੱਲ ਹੀ ਸਾਡੀਆਂ ਧੀਆਂ ਭੈਣਾਂ ਦੀਆਂ ਚੂੜੀਆਂ ਨੂੰ ਸਲਾਮਤ ਰੱਖ ਸਕਦੇ ਹਨ।**

ਸੰਨ 1947 ਦੀ ਵੰਡ ਦਾ ਦੁਖਾਂਤ ਪੰਜਾਬ ਨੇ ਆਪਣੇ ਪਿੰਡੇ ਉੱਪਰ ਝੱਲਿਆ ਹੈ। ਭਾਰਤ ਪਾਕਿ ਦੀ ਹਰ ਜੰਗ ਦੀ ਮਾਰ ਸਭ ਤੋਂ ਵੱਧ ਪੰਜਾਬੀਆਂ ਨੂੰ ਪੈਂਦੀ ਹੈ, ਇੱਧਰੋਂ ਵੀ ਤੇ ਉੱਧਰੋਂ ਵੀ। ਮੈਂ ਇੱਕ ਵਾਰ ਬਾਰਡਰ ਏਰੀਏ ਦੇ ਪਿੰਡਾਂ ਵਿੱਚ ਗਿਆ ਸੀ। ਜਿਸ ਘਰ ਅਸੀਂ ਗਏ, ਉਸ ਘਰ ਦਾ ਬਜ਼ੁਰਗ ਪੁਰਾਣੀ ਸ਼ਾਹਮੁਖੀ ਵਿਚ ਲਿਖੀ ਹੀਰ ਅੰਦਰੋਂ ਬੜੇ ਸਤਿਕਾਰ ਨਾਲ ਆਪਣੇ ਸਿਰ ਉੱਪਰ ਚੁੱਕ ਕੇ ਲਿਆਇਆ। ਉਸ ਨੇ ਖਿੜੀ ਦੁਪਹਿਰ ਵਿਚ ਸਾਨੂੰ ਹੀਰ ਗਾ ਕੇ ਸੁਣਾਈ। ਹੀਰ ਗਾਉਂਦਾ ਉਹ ਮੈਨੂੰ ਵਾਰਿਸ ਸ਼ਾਹ ਦੇ ਪੁਰਾਣੇ ਪੰਜਾਬ ਵਿਚ ਲੈ ਗਿਆ। ਜਦੋਂ ਸਾਂਝੇ ਪੰਜਾਬ ਦੀਆਂ ਗੱਲਾਂ ਚੱਲੀਆਂ ਤਾਂ ਉਸ ਨੇ ਅੱਖਾਂ ਭਰ ਲਈਆਂ, ਪੁੱਤਰਾ! ਸਾਡਾ ਉਧਰ ਮਿਲਵਰਤਣ ਸੀ। ਸਾਰੇ ਪਿੰਡਾਂ ਵਿਚ ਅਜ਼ਾਦੀ ਤੋਂ ਬਾਅਦ ਵੀ ਅਸੀਂ ਵਿਆਹ ਸ਼ਾਦੀ 'ਤੇ ਜਾਂਦੇ ਰਹੇ। ਆਹ ਲਾਗਲੇ ਪਿੰਡ ਵਿਚ ਵਿਆਹ ਸੀ ਮੇਰੇ ਦੋਸਤ ਦੀ ਕੁੜੀ ਦਾ, ਅਸੀਂ ਉਸ ਨੂੰ ਦਾਜ ਦਾ ਬਹੁਤ ਸਮਾਨ ਦੇ ਕੇ ਆਏ।' ਉਸ ਨੇ ਅੱਗੇ ਦੱਸਿਆ, ਮੈਂ ਰਾਤ ਨੂੰ ਪਿੰਡ ਦੇ ਬਾਹਰ ਹੀਰ ਗਾਉਂਦਾ। ਮੇਰੀ ਅਵਾਜ਼ ਦੂਰ ਦੂਰ ਤਕ ਸੁਣਾਈ ਦਿੰਦੀ। ਕਈ ਪਿੰਡਾਂ ਦੇ ਲੋਕ ਮੇਰੀ ਹੀਰ ਸੁਣਨ ਆਉਂਦੇ। ਤਾਰ ਲੱਗੀ ਤਾਂ ਸਾਰਾ ਕੁਝ ਖਤਮ ਹੋ ਗਿਆ ...।'

ਬਾਬੇ ਦੀ ਇਸ ਟੁੱਟ ਗਈ ਸਾਂਝ ਦੇ ਦੁੱਖ ਨੂੰ ਮੈਂ ਧੁਰ ਅੰਦਰੋਂ ਮਹਿਸੂਸ ਕੀਤਾ ਹੈ। ਗੱਲ ਖਤਮ ਕਰਨ ਤੋਂ ਬਾਅਦ ਉਸਦੇ ਚਿਹਰੇ 'ਤੇ ਆਏ ਭਾਵ ਅਜੇ ਵੀ ਮੇਰੇ ਚੇਤਿਆਂ ਵਿੱਚ ਵਸੇ ਹੋਏ ਨੇ। ਜਿੱਥੇ ਜੰਗ ਦੀਆਂ ਗੱਲਾਂ ਇਹਨਾਂ ਸਾਂਝਾ ਨੂੰ ਤੋੜਦੀਆਂ ਹਨ, ਉੱਥੇ ਬਾਰਡਰ ਏਰੀਏ 'ਤੇ ਬੈਠੇ ਦੋਵੇਂ ਮੁਲਕਾਂ ਦੇ ਪੰਜਾਬੀਆਂ ਲਈ ਭੁੱਖ ਨੰਗ ਦਾ ਸੁਨੇਹਾ ਵੀ ਹੁੰਦੀਆਂ ਹਨ।

ਮੇਰੇ ਪਾਕਿਸਤਾਨੀ ਵੀ ਦੋਸਤ ਹਨ। ਅਸੀਂ ਜੰਗ ਦੀਆਂ ਗੱਲਾਂ ਤੋਂ ਉਦਾਸ ਹੋ ਜਾਂਦੇ ਹਾਂ। ਦੁਆ ਕਰਦੇ ਹਾਂ ਜੰਗ ਨਾ ਲੱਗੇ। ਕੋਸ਼ਿਸ਼ਾਂ ਕਰਦੇ ਹਾਂ ਦੋਵੇਂ ਦੇਸਾਂ ਦੀ ਕੁੜੱਤਣ ਦੂਰ ਹੋਵੇ। ਕੈਨੇਡਾ ਮਿਲੀ ਲਾਹੌਰਨ ਭੈਣ ਨੂੰ ਮੈਂ ਕਿਹਾ ਸੀ, ਜੇ ਇਹ ਸੰਭਵ ਹੋ ਸਕਦਾ ਹੋਵੇ ਕਿ ਮੇਰੀ ਜਾਨ ਦੇਣ ਨਾਲ ਦੋਵੇਂ ਦੇਸ ਇੱਕ ਹੋ ਜਾਣ ਤਾਂ ਮੈਂ ਜਾਨ ਦੇਣ ਲਈ ਪਲ ਵੀ ਨਾ ਲਾਵਾਂ।' ਉਸਦੀ ਭਾਵਨਾ ਵੀ ਇਹੀ ਸੀ। ਸ਼ਾਇਦ ਸਾਡੀ ਇਹ ਸਾਂਝੀ ਭਾਵਨਾ ਦੋਵਾਂ ਦੇਸਾਂ ਦੀਆਂ ਧੀਆਂ ਦੀਆਂ ਚੂੜੀਆਂ ਦੀ ਸਲਾਮਤੀ ਲਈ ਸੀ। ਇਸੇ ਕਰਕੇ ਅਸੀਂ ਪਹਿਲੀ ਵਾਰ ਮਿਲੇ ਵੀ ਇੰਝ ਮਿਲੇ ਸੀ ਜਿਵੇਂ ਬਚਪਨ ਤੋਂ ਇੱਕ ਦੂਜੇ ਨੂੰ ਜਾਣਦੇ ਹੋਈਏ। ਇਹੀ ਸਾਰੇ ਪੰਜਾਬੀਆਂ ਦੀ ਸਾਂਝ ਹੈ। ਜੇ ਇੱਧਰ ਸਾਡਾ ਘਰ ਹੈ ਤਾਂ ਉੱਧਰ ਸਾਰੇ ਪੰਜਾਬੀ ਭਰਾਵਾਂ ਦਾ ਘਰ ਹੈ। ਮੈਨੂੰ ਮੇਰੇ ਮਿੱਤਰ ਮੱਟ ਸ਼ੇਰੋਂ ਦਾ ਇੱਕ ਗੀਤ ਚੇਤੇ ਆ ਰਿਹਾ ਹੈ ...

ਉਧਰ ਮੇਰੀ ਨਾਨੀ ਰੋਊ
ਇੱਧਰ ਮੇਰੀ ਮਾਂ ...
ਹਿੰਦ ਵਾਲਿਓ, ਪਾਕਿ ਵਾਲਿਓ,
ਓਏ! ਹਾੜਾ ਲੜਿਓ ਨਾ ...

ਅਸੀਂ ਨਹੀਂ ਚਾਹੁੰਦੇ ਕਿ ਦੁਬਾਰਾ 47 ਆਵੇ। ਅਸੀਂ ਨਹੀਂ ਚਾਹੁੰਦੇ ਕਿ ਬੰਬਾਂ ਦੀ ਫ਼ਸਲ ਬੀਜੀ ਜਾਵੇ ਜਿਸ ਵਿੱਚੋਂ ਮੁਰਦੇ ਪੈਦਾ ਹੋਣ। ਅਸੀਂ ਤਾਂ ਫੁੱਲ ਬੀਜਣੇ ਚਾਹੁੰਦੇ ਹਾਂ ਤਾਰ ਦੇ ਆਰ-ਪਾਰ ਸੁਗੰਧੀਆਂ ਵੰਡਣ ਵਾਲੇ। ਇਹ ਫੁੱਲ ਹੀ ਸਾਡੀਆਂ ਧੀਆਂ ਭੈਣਾਂ ਦੀਆਂ ਚੂੜੀਆਂ ਨੂੰ ਸਲਾਮਤ ਰੱਖ ਸਕਦੇ ਹਨ।


ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

*"If you wish to play the Game of Love,*
*place your head in your palm and walk on My Path."*
**- Guru Nanak Dev Ji**

BAISAKHI
2019
CELEBRATION
KEERTAN DARBAR & NAGAR KEERTAN



**Sunday, April 14, 2019 • 7:00 am - 6:00 pm**
**Los Angeles Convention Center**
1201 S. FIGUEROA STREET, LOS ANGELES, CA 90015

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ

**AMRIT VELA PROGRAM**
**GURU RAM DAS ASHRAM**
1620 Preuss Rd., Los Angeles, CA 90035

3:30 am Japji Sahib
3:50 am Asa di Var
6:30 am Grand Motorcade Procession of Siri Guru Granth Sahib Ji to Convention Center

**KEERTAN DARBAR PROGRAM**
Convention Center, Concourse Hall

7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests

***Children's Activities Room • Baisakhi Bazaar***
***Langar served all day***

3:00 pm Grand Procession of Siri Guru Granth Sahib Ji to the Guru's Nagar Keertan Float

**NAGAR KEERTAN PROGRAM**
Gilbert Lindsey Plaza and Downtown Los Angeles
***Gatka Demonstrations, Delicious snacks served after the parade***
3:00 pm - 6:00 pm

PLEASE ATTEND WITH YOUR FAMILY AND FRIENDS! ALL ARE WELCOME

**AMRIT SANCHAR**
**Saturday, April 13, 2019**
at Guru Ram Das Ashram

**Please call: (310) 201-0954**
*For more Baisakhi Celebration information, visit*
www.gururamdasashram.org

47975

# ਖ਼ਤਰੇ ਤੋਂ ਖਾਲੀ ਨਹੀਂ ਫਾਸਟ ਫੂਡ

ਭਾਵੇਂ ਫਾਸਟ ਫੂਡ ਚੰਗੇ ਤਰੀਕੇ ਅਤੇ ਮਾਹੌਲ ਵਿੱਚ ਤਿਆਰ ਕੀਤੇ ਜਾਂਦੇ ਹਨ, ਪਰ ਫਿਰ ਵੀ ਇਹ ਪੂਰੇ ਭੋਜਨ ਦਾ ਸਥਾਨ ਨਹੀਂ ਲੈ ਸਕਦੇ। ਉਂਜ ਬਹੁਤੇ ਲੋਕ ਇਨ੍ਹਾਂ ਚਟਪਟੀਆਂ ਚੀਜ਼ਾਂ ਨੂੰ ਪੂਰੇ ਭੋਜਨ ਦੀ ਤਰ੍ਹਾਂ ਖਾਂਦੇ ਹਨ ਅਤੇ ਜਦੋਂ ਘਰ ਵਿੱਚ ਖਾਣਾ-ਖਾਣ ਦਾ ਸਮਾਂ ਆਉਂਦਾ ਹੈ ਤਾਂ ਇਸ (ਘਰ ਦਾ ਖਾਣਾ) ਨੂੰ ਪੇਟ ਵਿੱਚ ਪਾਉਣ ਲਈ ਲੋੜੀਂਦੀ ਥਾਂ ਨਹੀਂ ਰਹਿੰਦੀ। ਇਸ ਤਰ੍ਹਾਂ ਉਹ ਘਰ ਵਿੱਚ ਬਣੀ ਸਾਫ਼-ਸੁਥਰੀ ਅਤੇ ਸੰਤੁਲਿਤ ਖ਼ੁਰਾਕ ਤੋਂ ਵਾਂਝੇ ਰਹਿ ਜਾਂਦੇ ਹਨ। ਘਰ 'ਚ ਬਣੇ ਪਕੌੜੇ ਜਾਂ ਹੋਰ ਖ਼ਾਸ ਪਦਾਰਥ ਅੱਜ ਉਨੇ ਮਹੱਤਵਪੂਰਨ ਨਹੀਂ ਰਹੇ, ਜਿੰਨਾ ਕਿ ਕਿਸੇ ਕਾਰਨਰ ਜਾਂ ਸਟਾਲ ਆਦਿ 'ਤੇ ਜਾ ਕੇ ਫਾਸਟ ਫੂਡ ਖਾਣ। ਅੱਜ-ਕੱਲ੍ਹ ਲੋਕੀਂ ਆਪਣੀ ਸਿਹਤ ਵੱਲ ਪੂਰਾ ਧਿਆਨ ਨਾ ਦੇ ਕੇ ਸੁਆਦ ਨੂੰ ਤਵੱਜੋ ਦਿੰਦੇ ਹਨ।

ਅੱਜ ਸਾਡੇ ਖਾਣ-ਪੀਣ ਵਿੱਚ ਫਾਸਟ ਫੂਡ ਨੇ ਬਹੁਤ ਵੱਡੀ ਜਗ੍ਹਾ ਬਣਾ ਲਈ ਹੈ। ਇਸ ਨੂੰ ਜੰਕਫੂਡ ਜਾਂ ਰੱਦੀ ਫੂਡ ਵੀ ਆਖਿਆ ਜਾ ਸਕਦਾ ਹੈ। ਰੱਦੀ ਫੂਡ ਜਾਂ ਜੰਕ ਫੂਡ ਇਸ ਨੂੰ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਵਿੱਚ ਕੋਈ ਵੀ ਵਿਟਾਮਿਨ ਅਤੇ ਪੋਸ਼ਿਕ ਤੱਤ ਬਚਿਆ ਨਹੀਂ ਰਹਿ ਸਕਦਾ।

ਫਾਸਟ ਫੂਡ ਤੋਂ ਭਾਵ ਹੈ ਉਹ ਭੋਜਨ ਜੋ ਜਲਦੀ-ਜਲਦੀ ਪਕਾਇਆ, ਪਰੋਸਿਆ ਅਤੇ ਖਾ ਲਿਆ। ਇਸ ਲਈ ਅੱਜ ਦੀ ਦੁਨੀਆਂ ਵਿੱਚ ਇਹ ਸਭ ਤੋਂ ਜ਼ਿਆਦਾ ਹਰਮਨ ਪਿਆਰਾ ਖਾਣਾ ਹੈ। ਖ਼ਾਸ ਕਰਕੇ ਉਨ੍ਹਾਂ ਵੱਡੇ ਸ਼ਹਿਰਾਂ ਵਿੱਚ ਜਿੱਥੇ ਲੋਕਾਂ ਕੋਲ ਸਮੇਂ ਦੀ ਘਾਟ ਹੈ।

ਭਾਵੇਂ ਫਾਸਟ ਫੂਡ ਚੰਗੇ ਤਰੀਕੇ ਅਤੇ ਮਾਹੌਲ ਵਿੱਚ ਤਿਆਰ ਕੀਤੇ ਜਾਂਦੇ ਹਨ, ਪਰ ਫਿਰ ਵੀ ਇਹ ਪੂਰੇ ਭੋਜਨ ਦਾ ਸਥਾਨ ਨਹੀਂ ਲੈ ਸਕਦੇ। ਉਂਜ ਬਹੁਤੇ ਲੋਕ ਇਨ੍ਹਾਂ ਚਟਪਟੀਆਂ ਚੀਜ਼ਾਂ ਨੂੰ ਪੂਰੇ ਭੋਜਨ ਦੀ ਤਰ੍ਹਾਂ ਖਾਂਦੇ ਹਨ ਅਤੇ ਜਦੋਂ ਘਰ ਵਿੱਚ ਖਾਣਾ-ਖਾਣ ਦਾ ਸਮਾਂ ਆਉਂਦਾ ਹੈ ਤਾਂ ਇਸ (ਘਰ ਦਾ ਖਾਣਾ) ਨੂੰ ਪੇਟ ਵਿੱਚ ਪਾਉਣ ਲਈ ਲੋੜੀਂਦੀ ਥਾਂ ਨਹੀਂ ਰਹਿੰਦੀ। ਇਸ ਤਰ੍ਹਾਂ ਉਹ ਘਰ ਵਿੱਚ ਬਣੀ ਸਾਫ਼-ਸੁਥਰੀ ਅਤੇ ਸੰਤੁਲਿਤ ਖ਼ੁਰਾਕ ਤੋਂ ਵਾਂਝੇ ਰਹਿ ਜਾਂਦੇ ਹਨ।

ਘਰ 'ਚ ਬਣੇ ਪਕੌੜੇ ਜਾਂ ਹੋਰ ਖ਼ਾਸ ਪਦਾਰਥ ਅੱਜ ਉਨੇ ਮਹੱਤਵਪੂਰਨ ਨਹੀਂ ਰਹੇ, ਜਿੰਨਾ ਕਿ ਕਿਸੇ ਕਾਰਨਰ ਜਾਂ ਸਟਾਲ ਆਦਿ 'ਤੇ ਜਾ ਕੇ ਫਾਸਟ ਫੂਡ ਖਾਣ। ਅੱਜ-ਕੱਲ੍ਹ ਲੋਕੀਂ ਆਪਣੀ ਸਿਹਤ ਵੱਲ ਪੂਰਾ ਧਿਆਨ ਨਾ ਦੇ ਕੇ ਸੁਆਦ ਨੂੰ ਤਵੱਜੋ ਦਿੰਦੇ ਹਨ। ਹਾਲਾਂਕਿ ਇਸ ਤਰ੍ਹਾਂ ਦਾ ਖਾਣਾ ਬਣਾਉਣ ਤੇ ਵੇਚਣ ਵਾਲੀਆਂ ਕੰਪਨੀਆਂ ਆਪਣੇ ਵਿਗਿਆਪਨਾਂ 'ਚ ਵਾਰ-ਵਾਰ ਇਹ ਦਾਅਵਾ ਕਰਦੀਆਂ ਹਨ ਕਿ ਉਨ੍ਹਾਂ ਦੀ ਖ਼ਾਸ ਸਮੱਗਰੀ ਪੋਸ਼ਿਕ ਤੱਤਾਂ ਨਾਲ ਭਰਪੂਰ ਅਤੇ ਰਸਾਇਣਾਂ ਆਦਿ ਤੋਂ ਪੂਰੀ ਤਰ੍ਹਾਂ ਮੁਕਤ ਹੈ। ਇਹ ਸਾਰੇ ਦਾਅਵੇ ਝੂਠੇ ਹਨ ਕਿਉਂਕਿ ਫਾਸਟ ਫੂਡ ਅਤੇ ਡਿੱਬਾ ਬੰਦ ਫੂਡ ਦੇ ਚੰਗੇ ਨਤੀਜੇ ਪ੍ਰਾਪਤ ਨਹੀਂ ਹੋ ਰਹੇ ਹਨ। ਕਾਰਖ਼ਾਨਿਆਂ ਆਦਿ 'ਚ ਵੱਡੇ ਪੱਧਰ 'ਤੇ ਫਾਸਟ ਫੂਡ ਦਾ ਉਤਪਾਦਨ ਹੋਣ, ਇਸ ਨੂੰ ਜ਼ਿਆਦਾ ਦੇਰ ਤੱਕ ਤਾਜ਼ਾ ਰੱਖਣ, ਆਕਰਸ਼ਿਕ ਤੇ ਸੁਆਦੀ ਬਣਾਉਣ ਲਈ ਇਸ 'ਚ ਕੁਝ ਰਸਾਇਣ ਵੀ ਮਿਲਾਏ ਜਾਂਦੇ ਹਨ। ਇਸ ਤਰ੍ਹਾਂ ਇਸ ਭੋਜਨ 'ਚ ਪੋਸ਼ਿਕ ਤੱਤਾਂ ਦੀ ਕਮੀ ਤਾਂ ਆਉਂਦੀ ਹੀ ਹੈ, ਨਾਲ ਹੀ ਸਰੀਰ 'ਚ ਕਈ ਰੋਗਾਂ ਦੀਆਂ ਸੰਭਾਵਨਾਵਾਂ ਵੀ ਵਧ ਜਾਂਦੀਆਂ ਹਨ। ਭਾਰਤੀ ਖ਼ੁਰਾਕ ਨਿਗਮ ਦੇ ਇੱਕ ਤਾਜ਼ਾ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਭਾਰਤੀ ਸਮਾਜ ਦੇ ਅਮੀਰ ਲੋਕ, ਜਿਹੜੇ ਫਾਸਟ ਫੂਡ ਦੇ ਗਾਹਕ ਹਨ, ਉਨ੍ਹਾਂ ਨੂੰ ਕਬਜ਼, ਆਂਦਰਾਂ ਦੇ ਜ਼ਖ਼ਮ, ਜਿਗਰ ਦਾ ਕੈਂਸਰ, ਅੱਖਾਂ ਦੇ ਰੋਗ, ਦਿਲ ਦੇ ਰੋਗ ਆਦਿ ਤਕਲੀਫ਼ਾਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਭੋਜਨ 'ਚ ਮਿਲਾਏ ਜਾਣ ਵਾਲੇ ਰਸਾਇਣ ਗੈਰ-ਜ਼ਰੂਰੀ ਅਤੇ ਸਿਹਤ 'ਤੇ ਮਾਰੂ ਅਸਰ ਪਾਉਂਦੇ ਹਨ।

ਇਨ੍ਹਾਂ ਰਸਾਇਣਾਂ 'ਚੋਂ ਇਸ ਸਮੇਂ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਐਨੋ-ਸੋਡੀਅਮ ਗਲੂਟਾਮੇਟ ਰਸਾਇਣ। ਇਹ ਚਿੱਟੇ ਰੰਗ ਦਾ ਪਦਾਰਥ ਹੈ, ਜਿਹੜਾ ਪਾਣੀ ਆਦਿ 'ਚ ਘੁਲਣਸ਼ੀਲ ਹੈ। ਇਹ ਰਸਾਇਣ ਕੇਵਲ ਦਿਮਾਗ਼ ਦੇ ਸੈੱਲਾਂ ਨੂੰ ਖ਼ਤਮ ਨਹੀਂ ਕਰਦਾ ਬਲਕਿ ਕਈ ਤਰ੍ਹਾਂ ਦੇ ਕੈਂਸਰ ਵੀ ਪੈਦਾ ਕਰਦਾ ਹੈ। ਭਾਰਤ 'ਚ ਖੁੱਲ੍ਹੇ ਆਮ ਪੈਕਟਾਂ 'ਚ ਵਿਕ ਰਿਹਾ 'ਅਜੀਨੋ-ਮੋਟੋ ਵੀ ਇੱਕ ਤਰ੍ਹਾਂ ਦਾ ਰਸਾਇਣ ਹੀ ਹੈ, ਭਾਵੇਂ ਇਸ ਨੂੰ 'ਚਾਈਨਾ ਸਾਲਟ' ਕਿਹਾ ਜਾਂਦਾ ਹੈ, ਪਰ ਇਹ ਬਲੱਡ ਕੈਂਸਰ ਲਈ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਫਾਸਟ ਫੂਡ ਅਤੇ ਡਿੱਬਾ ਬੰਦ ਖਾਧ ਪਦਾਰਥ ਤਾਜ਼ੇ ਨਹੀਂ ਹੁੰਦੇ। ਇਨ੍ਹਾਂ ਨੂੰ ਘਾਤਕ ਰਸਾਇਣਾਂ ਨਾਲ ਤਾਜ਼ਾ ਅਤੇ ਸੁਰੱਖਿਅਤ ਰੱਖਿਆ ਜਾਂਦਾ ਹੈ। ਕੁਦਰਤੀ ਤਾਜ਼ੇ ਖਾਧ ਪਦਾਰਥਾਂ ਅਤੇ ਇਸ ਤੋਂ ਬਣੇ ਭੋਜਨ ਦੀ ਗੱਲ ਹੀ ਵੱਖ ਹੈ। ਇਸ ਭੋਜਨ 'ਚ ਸਰੀਰ ਲਈ ਜ਼ਰੂਰੀ ਪੋਸ਼ਿਕ ਤੱਤ ਸਹੀ ਮਾਤਰਾ 'ਚ ਹੁੰਦੇ ਹਨ। ਫਾਈਬਰ ਯਾਨੀ ਰੇਸ਼ਾ ਤਾਂ ਸਿਰਫ਼ ਤਾਜ਼ੇ ਫਲ ਅਤੇ ਸਬਜ਼ੀਆਂ ਤੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਫਾਸਟ ਫੂਡ 'ਚ ਸਰੰਖਣ ਅਤੇ ਗੁਣਵੱਤਾ ਦੇ ਨਾਂ 'ਤੇ ਅਨਾਜ 'ਚੋਂ ਚੋਕਰ ਤੇ ਰੇਸ਼ੇ ਆਦਿ ਲੋੜੀਂਦੇ ਤੱਤ ਕੱਢ ਕੇ ਇਸ 'ਚ ਤਰ੍ਹਾਂ-ਤਰ੍ਹਾਂ ਦੇ ਰਸਾਇਣ ਮਿਲਾ ਦਿੱਤੇ ਜਾਂਦੇ ਹਨ, ਜਿਸ ਨਾਲ ਇਹ ਭੋਜਨ ਸਿਰਫ਼ ਸੁਆਦ ਤੇ ਪੇਟ ਭਰਨ ਮਾਤਰ ਹੀ ਰਹਿ ਜਾਂਦਾ ਹੈ। ਇਸ ਤੋਂ ਇਲਾਵਾ ਆਟੇ ਦੇ ਮੈਦੇ ਤੋਂ ਬਣੀਆਂ ਪੈਕਟ ਬੰਦ ਵਸਤਾਂ ਦੀ ਲਗਾਤਾਰ ਵਰਤੋਂ ਵੀ ਸਿਹਤ ਨੂੰ ਭਾਰੀ ਹਾਨੀ ਪਹੁੰਚਾਉਂਦੀ ਹੈ। ਬਰੈੱਡ ਬੰਦ ਭੋਜਨ ਕਿਸੇ ਸਮੇਂ ਸ਼ਹਿਰੀ ਲੋਕਾਂ 'ਚ ਬਰੇਕ ਫਾਸਟ ਦੇ ਰੂਪ 'ਚ ਬੇਹੱਦ ਪਸੰਦ ਕੀਤਾ ਜਾਂਦਾ ਸੀ, ਹੁਣ ਪੇਂਡੂ ਅਤੇ ਆਮ ਲੋਕ ਵੀ ਇਸ ਦੇ ਪੂਰੀ ਤਰ੍ਹਾਂ ਗ਼ੁਲਾਮ ਹੋ ਗਏ ਹਨ। ਇਹ ਬਰੈੱਡ ਬੰਦ ਭੋਜਨ ਪਤਾ ਨਹੀਂ ਕਿੰਨੇ ਪੁਰਾਣੇ ਅਤੇ ਘਟੀਆ ਆਟੇ ਦਾ ਤਿਆਰ ਕੀਤਾ ਜਾਂਦਾ ਹੈ। ਇਸ ਦੇ ਸੇਵਨ ਨਾਲ ਪੇਟ ਦੀਆਂ ਤਕਲੀਫ਼ਾਂ ਅਤੇ ਸਾਹ ਜਿਹੇ ਰੋਗ ਹੋ ਸਕਦੇ ਹਨ। ਬਿਸਕੁਟ/ਕੇਕ/ਰਸਕ ਆਦਿ ਪਦਾਰਥ ਵੀ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ। ਹੁਣ ਬਾਜ਼ਾਰ 'ਚ ਮਾਸਾਹਾਰੀ ਪਦਾਰਥ ਵੀ ਫਾਸਟ ਫੂਡ ਦੇ ਰੂਪ ਵਿੱਚ ਆ ਰਹੇ ਹਨ। ਇਨ੍ਹਾਂ ਨੂੰ ਸੁਰੱਖਿਅਤ ਰੱਖਣ ਲਈ ਨਾਈਟ੍ਰੇਨਿਸ ਅਤੇ ਨਾਈਟਰੀਟਿਸ ਆਦਿ ਖ਼ਤਰਨਾਕ ਰਸਾਇਣ ਪ੍ਰਯੋਗ ਕੀਤੇ ਜਾਂਦੇ ਹਨ। ਜੇ ਬੱਚਿਆਂ ਨੂੰ ਇਸ ਤਰ੍ਹਾਂ ਦੇ ਰਸਾਇਣ ਯੁਕਤ ਭੋਜਨ ਖਾਣ ਦੀ ਆਦਤ ਪੈ ਜਾਵੇ ਤਾਂ ਇਹ ਉਨ੍ਹਾਂ ਲਈ ਖ਼ਤਰੇ ਤੋਂ ਖਾਲੀ ਨਹੀਂ ਹੈ। ਇਹ ਬੱਚੇ ਦੇ ਵਾਧੇ ਅਤੇ ਮਾਨਸਿਕ ਵਿਕਾਸ ਵਿੱਚ ਰੁਕਾਵਟ ਪੈਦਾ ਕਰਦਾ ਹੈ। ਸਿਹਤ ਵਿਗਿਆਨੀ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਇਸ ਤਰ੍ਹਾਂ ਦਾ ਭੋਜਨ ਲੈਣ ਵਾਲੇ ਬੱਚਿਆਂ ਨੂੰ ਕੈਂਸਰ ਵਰਗੇ ਜਾਨਲੇਵਾ ਰੋਗਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਅਕਸਰ ਵੱਡੀ ਉਮਰ ਦੇ ਲੋਕਾਂ ਨੂੰ ਹੁੰਦੇ ਹਨ।



ਇਸੇ ਤਰ੍ਹਾਂ ਤੇਲ ਯੁਕਤ ਖਾਧ ਪਦਾਰਥਾਂ ਨੂੰ ਵੀ ਲੰਬੇ ਸਮੇਂ ਤੱਕ ਸੁਰੱਖਿਅਤ ਰੱਖਣ ਲਈ ਐਂਟੀ-ਆਕਸਾਈਡ ਪਦਾਰਥ ਵਰਤੇ ਜਾਂਦੇ ਹਨ। ਦੁੱਧ/ਮੱਖਣ/ਘਿਓ/ਪਨੀਰ ਅਤੇ ਦੁੱਧ ਤੋਂ ਬਣੇ ਹੋਰ ਪਦਾਰਥਾਂ 'ਚ ਵੂਟੀਲੇਟਿਡ, ਹਾਈਡ੍ਰੋਕਸੀ ਟਾਲਊਨ ਅਤੇ ਰਿਫਾਇੰਡ ਤੇਲ ਆਦਿ ਰਸਾਇਣ ਇਸਤੇਮਾਲ ਕੀਤੇ ਜਾਂਦੇ ਹਨ। ਇਹ ਦਿਲ, ਦਿਮਾਗ਼, ਗੁਰਦਿਆਂ ਆਦਿ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ ਅਤੇ ਪੋਟਾਪੇ ਦਾ ਕਾਰਣ ਬਣਦੇ ਹਨ। ਅੰਤ ਵਿੱਚ ਇਹ ਕਹਿਣਾ ਗ਼ਲਤ ਨਹੀਂ ਹੈ ਕਿ ਅੱਜ ਜੋ ਮਹੱਤਵ ਸਿਹਤ ਨੂੰ ਦਿੱਤਾ ਜਾਣਾ ਚਾਹੀਦਾ ਹੈ, ਉਹ ਸੁਆਦ ਨੂੰ ਦਿੱਤਾ ਜਾ ਰਿਹਾ ਹੈ, ਜਾਂ ਇਸ ਤਰ੍ਹਾਂ ਕਹੋ ਕਿ ਫਾਸਟ ਫੂਡ ਖਾਣਾ ਹੀ ਫੈਸ਼ਨ ਹੋ ਗਿਆ ਹੈ ਤੇ ਇਹ ਫੈਸ਼ਨ ਮਨੁੱਖ ਜਾਤੀ ਦੇ ਭਵਿੱਖ ਅੰਗ਼ੇ ਇੱਕ ਵੱਡਾ ਸੁਆਲ ਖੜ੍ਹਾ ਕਰ ਰਿਹਾ ਹੈ।

-ਸੁਖਮੰਦਰ ਸਿੰਘ

# ਦਿਲ ਦੇ ਦੌਰੇ ਦੇ ਮੁਢਲੇ ਲੱਛਣ

ਹੱਥ ਵਿਚ ਦਰਦ ਹੋਣ ਜਾਂ ਛਾਤੀ ਵਿਚ ਦਰਦ ਹੋਣ ਜਾਂ ਜਲਣ ਹੋਣ 'ਤੇ ਅਕਸਰ ਲੋਕ ਇਨ੍ਹਾਂ ਨੂੰ ਗੰਭੀਰਤਾ ਨਾਲ ਨਾ ਲੈਂਦੇ ਹੋਏ ਆਪਣੀ ਮਰਜ਼ੀ ਨਾਲ ਕੈਮਿਸਟ ਕੋਲੋਂ ਦਵਾਈ ਲੈ ਕੇ ਖਾ ਲੈਂਦੇ ਹਨ। ਛਾਤੀ ਵਿਚ ਦਰਦ ਜਾਂ ਜਲਨ ਨੂੰ ਤਾਂ ਅਕਸਰ ਬਦਹਜ਼ਮੀ ਕਾਰਨ ਹੋਇਆ ਦਰਦ ਹੀ ਸਮਝਿਆ ਜਾਂਦਾ ਹੈ ਪਰ ਡਾਕਟਰਾਂ ਦਾ ਕਹਿਣਾ ਹੈ ਕਿ ਜੇ ਇਸ ਤਰ੍ਹਾਂ ਦੇ ਲੱਛਣ ਅਕਸਰ ਨਜ਼ਰ ਆਉਣ ਲੱਗਣ ਤਾਂ ਇਸ ਨੂੰ ਹਲਕੇ ਢੰਗ ਨਾਲ ਨਾ ਲੈਂਦਿਆਂ ਗੰਭੀਰਤਾ ਨਾਲ ਧਿਆਨ ਦਿਓ ਅਤੇ ਤੁਰੰਤ ਆਪਣੇ ਡਾਕਟਰ ਤੋਂ ਚੈੱਕਅਪ ਕਰਵਾਓ ਕਿਉਂਕਿ ਇਸ ਤਰ੍ਹਾਂ ਦੇ ਲੱਛਣ ਦਿਲ ਦੀ ਕਿਸੇ ਬੀਮਾਰੀ ਦੇ ਮੁਢਲੇ ਲੱਛਣ ਹੋ ਸਕਦੇ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਛਾਤੀ ਵਿਚ ਜਲਨ ਜਾਂ ਦਰਦ ਹੋਣ 'ਤੇ ਅਕਸਰ ਲੋਕ ਇਹੋ ਸਮਝਦੇ ਹਨ ਕਿ ਖਾਣ-ਪੀਣ ਵਿਚ ਕੁਝ ਲਾਪ੍ਰਵਾਹੀ ਵਰਤਣ ਕਾਰਨ ਹੀ ਪੇਟ ਦੀ ਗੜਬੜ ਕਾਰਨ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਹੋ ਸੋਚ ਕੇ ਉਹ ਐਸਿਡਿਟੀ ਦੂਰ ਕਰਨ ਵਾਲੀਆਂ ਗੋਲੀਆਂ ਖਾਣੀਆਂ ਸ਼ੁਰੂ ਕਰ ਦਿੰਦੇ ਹਨ ਪਰ ਕੁਝ ਮਾਮਲਿਆਂ ਵਿਚ ਛਾਤੀ ਦੀ ਇਹੀ ਜਲਨ ਦਿਲ 'ਤੇ ਹੋਣ ਵਾਲੇ ਹਮਲੇ ਦਾ ਮੁਢਲਾ ਸੰਕੇਤ ਵੀ ਹੋ ਸਕਦੀ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਜੇ ਤੁਹਾਨੂੰ ਸਾਹ ਲੈਣ 'ਚ ਪ੍ਰੇਸ਼ਾਨੀ ਮਹਿਸੂਸ ਹੁੰਦੀ ਹੈ ਤਾਂ ਇਸਨੂੰ ਵੀ ਸਰਦੀ ਜਾਂ ਜ਼ੁਕਾਮ ਦਾ ਇਨਫੈਕਸ਼ਨ ਜਾਂ ਫੇਫੜਿਆਂ ਦੀ ਐਲਰਜੀ ਸਮਝ ਕੇ ਲਾਪ੍ਰਵਾਹੀ ਨਾ ਵਰਤੋ ਕਿਉਂਕਿ ਸਾਹ ਲੈਣ 'ਚ ਪ੍ਰੇਸ਼ਾਨੀ ਦੇ ਇਸ ਤਰ੍ਹਾਂ ਦੇ ਲੱਛਣ ਵੀ ਦਿਲ ਸੰਬੰਧੀ ਕਿਸੇ ਸਮੱਸਿਆ ਦੇ ਮੁਢਲੇ ਸੰਕੇਤ ਹੋ ਸਕਦੇ ਹਨ। ਅੱਜ ਜਿਉਂ-ਜਿਉਂ ਭੱਜ-ਦੌੜ ਵੱਧਦੀ ਜਾ ਰਹੀ ਹੈ, ਮਨੁੱਖ ਤਣਾਅਗ੍ਰਸਤ ਹੁੰਦਾ ਜਾ ਰਿਹਾ ਹੈ। ਇਸ ਤੋਂ ਇਲਾਵਾ ਕਸਰਤ ਤੇ ਸਰੀਰਕ ਮਿਹਨਤ ਨਾ ਕਰਨ ਕਰਕੇ ਅਤੇ ਭੋਜਨ ਵਿਚ ਮਸਾਲੇਦਾਰ ਪਕਵਾਨ ਜਾਂ ਫਾਸਟਫੂਡ ਸ਼ਾਮਲ ਹੋਣ ਕਾਰਨ ਵੀ ਦਿਲ 'ਤੇ ਵਾਧੂ ਦਬਾਅ ਵੱਧ ਰਿਹਾ ਹੈ। ਇਹੋ ਕਾਰਨ ਹੈ ਕਿ ਦਿਲ ਸੰਬੰਧੀ ਬੀਮਾਰੀਆਂ ਦੇ ਖਤਰੇ ਵੀ ਉਸੇ ਰਫਤਾਰ ਨਾਲ ਵੱਧਦੇ ਜਾ ਰਹੇ ਹਨ। ਇਸ ਲਈ ਜ਼ਰੂਰੀ ਹੈ ਕਿ ਜੇ ਤੁਸੀਂ ਹੱਥ, ਗਰਦਨ ਜਾਂ ਲੱਕ ਵਿਚ ਲਗਾਤਾਰ ਦਰਦ, ਛਾਤੀ ਵਿਚ ਜਲਨ ਤੇ ਦਰਦ, ਸਾਹ ਲੈਣ 'ਚ ਮੁਸ਼ਕਲ, ਸਰੀਰ 'ਚ ਬੇਚੈਨੀ ਜਾਂ ਆਪਣੇ ਦਿਲ 'ਤੇ ਅਚਾਨਕ ਦਬਾਅ ਵੱਧਦਾ ਜਾਣਾ ਆਦਿ ਵਰਗੇ ਲੱਛਣ ਮਹਿਸੂਸ ਕਰਨ ਲੱਗੋ ਤਾਂ ਤੁਰੰਤ ਕਿਸੇ ਵਧੀਆ ਡਾਕਟਰ ਤੋਂ ਸਲਾਹ ਲਵੋ ਤਾਂ ਕਿ ਸਮਾਂ ਰਹਿੰਦਿਆਂ ਤੁਸੀਂ ਦਿਲ ਦੇ ਦੌਰੇ ਵਰਗੀ ਗੰਭੀਰ ਬੀਮਾਰੀ ਦੇ ਸ਼ਿਕਾਰ ਹੋਣ ਤੋਂ ਬਚ ਸਕੋ। —ਯੋਗੇਸ਼ ਕੁਮਾਰ ਗੋਇਲ



# ਬੱਚਿਆਂ ਦੀ ਸ਼ੈਤਾਨੀ, ਜਦੋਂ ਬਣੇ ਪ੍ਰੇਸ਼ਾਨੀ

ਕਹਿੰਦੇ ਹਨ ਕਿ ਬੱਚਾ ਸ਼ਰਾਰਤ ਜਾਂ ਸ਼ੈਤਾਨੀ ਨਾ ਕਰੇ ਤਾਂ ਉਹ ਬੱਚਾ ਹੀ ਨਹੀਂ ਹੁੰਦਾ। ਅਸਲ 'ਚ ਬਚਪਨ ਸ਼ੈਤਾਨੀਆਂ ਅਤੇ ਸ਼ਰਾਰਤਾਂ ਦਾ ਹੀ ਦੂਜਾ ਨਾਂ ਹੈ ਪਰ ਇਹੀ ਛੋਟੀਆਂ-ਛੋਟੀਆਂ ਅਤੇ ਪਿਆਰੀਆਂ-ਪਿਆਰੀਆਂ ਸ਼ਰਾਰਤਾਂ ਜਦੋਂ ਹੱਦੋਂ ਵਧ ਜਾਂਦੀਆਂ ਹਨ ਤਾਂ ਮਾਤਾ-ਪਿਤਾ ਲਈ ਹੀ ਨਹੀਂ, ਸਗੋਂ ਆਂਢ-ਗੁਆਂਢ, ਸਕੂਲ ਆਦਿ ਲਈ ਵੀ ਸਮੱਸਿਆ ਬਣ ਜਾਂਦੀਆਂ ਹਨ। ਉਂਝ ਤਾਂ ਜ਼ਿਆਦਾਤਰ ਮਾਤਾ-ਪਿਤਾ ਆਪਣੇ ਬੱਚਿਆਂ ਦੀਆਂ ਸ਼ੈਤਾਨੀਆਂ ਤੋਂ ਪ੍ਰੇਸ਼ਾਨ ਹੁੰਦੇ ਹਨ ਪਰ ਕੁਝ ਬੱਚੇ ਇੰਨੇ ਜ਼ਿਆਦਾ ਸ਼ੈਤਾਨ ਅਤੇ ਸ਼ਰਾਰਤੀ ਹੁੰਦੇ ਹਨ ਕਿ ਮਾਤਾ-ਪਿਤਾ ਦਾ ਉਨ੍ਹਾਂ 'ਤੇ ਕੰਟਰੋਲ ਕਰ ਸਕਣਾ ਅਸੰਭਵ ਹੋ ਜਾਂਦਾ ਹੈ। ਜੇਕਰ ਬੱਚੇ ਸੱਤ ਸਾਲ ਤੋਂ ਘੱਟ ਉਮਰ ਦੇ ਹਨ ਤਾਂ ਇਹ ਬੱਚਿਆਂ ਦਾ ਸਾਧਾਰਨ ਰਵੱਈਆ ਹੁੰਦਾ ਹੈ ਪਰ ਜਦੋਂ ਇਹੀ ਸੁਭਾਅ ਸੱਤ ਸਾਲ ਤੋਂ ਉੱਪਰ ਦੇ ਬੱਚੇ ਦਾ ਹੋਵੇ ਤਾਂ ਕਿਸੇ ਮਾਹਿਰ ਨੂੰ ਦਿਖਾਉਣਾ ਜ਼ਰੂਰੀ ਹੋ ਜਾਂਦਾ ਹੈ ਪਰ ਇਸ ਦੇ ਨਾਲ ਹੀ ਕੁਝ ਲਾਹੇਵੰਦ ਗੱਲਾਂ ਦਾ ਧਿਆਨ, ਜੋ ਕਿ ਮਾਤਾ-ਪਿਤਾ ਰੱਖ ਸਕਦੇ ਹਨ, ਨੂੰ ਜ਼ਰੂਰ ਰੱਖਣਾ ਚਾਹੀਦਾ ਹੈ :

* ਬੱਚਿਆਂ ਦੀਆਂ ਕਿਰਿਆਵਾਂ 'ਚ ਬਹੁਤੀ ਦਖਲਅੰਦਾਜ਼ੀ ਨਾ ਕਰੋ।
* ਬੱਚਿਆਂ ਦੇ ਬਹੁਤਾ ਪਿੱਛੇ ਨਾ ਪਓ ਅਤੇ ਨਾ ਹੀ ਬਹੁਤੀ ਕਠੋਰਤਾ ਵਰਤੋ। * ਬੱਚਿਆਂ ਨਾਲ ਖੇਡਣਾ, ਬੱਚਿਆਂ 'ਚ ਵਿਸ਼ਵਾਸ ਪੈਦਾ ਕਰਨਾ ਉਨ੍ਹਾਂ ਨੂੰ ਮਾਤਾ-ਪਿਤਾ ਦੇ ਹੋਰ ਨੇੜੇ ਲਿਆਉਂਦਾ ਹੈ। * ਬੱਚਿਆਂ ਦੀਆਂ ਖਾਸੀਅਤਾਂ ਬਾਰੇ ਸਭ ਨੂੰ ਦੱਸੋ। * ਉਸ ਦੀਆਂ ਸ਼ੈਤਾਨੀਆਂ ਦੀ ਕਿਸੇ ਨਾਲ ਚਰਚਾ ਨਾ ਕਰੋ। * ਇਸ ਗੱਲ ਦਾ ਖਾਸ ਧਿਆਨ ਰੱਖੋ ਕਿ ਮਾਤਾ-ਪਿਤਾ ਦਾ ਲੋੜ ਤੋਂ ਵਧੇਰੇ ਆਪਣੇ ਬੱਚਿਆਂ ਨਾਲ ਲਾਡ-ਪਿਆਰ ਕਰਨਾ, ਉਨ੍ਹਾਂ ਦੀ ਹਰ ਇੱਛਾ ਨੂੰ ਪੂਰਾ ਕਰਨਾ ਵੀ ਬੱਚਿਆਂ ਨੂੰ ਜ਼ਿੱਦੀ ਅਤੇ ਸ਼ਰਾਰਤੀ ਬਣਾਉਂਦਾ ਹੈ, ਇਸ ਲਈ ਹਮੇਸ਼ਾ ਬੱਚਿਆਂ ਦੀ ਜਾਇਜ਼ ਜ਼ਿੱਦ ਨੂੰ ਹੀ ਪੂਰਾ ਕਰੋ। * ਮਾਤਾ-ਪਿਤਾ ਦਾ ਬੱਚਿਆਂ ਨਾਲ ਭੋਜਨ ਖਾਣਾ, ਸਮਾਂ ਬਿਤਾਉਣਾ ਬੱਚਿਆਂ ਦੇ ਦਿਲ-ਦਿਮਾਗ 'ਤੇ ਮਨੋਵਿਗਿਆਨਕ ਅਸਰ ਪਾਉਂਦਾ ਹੈ। ਇਕੱਠੇ ਬੈਠ ਕੇ ਭੋਜਨ ਕਰਨ ਨਾਲ ਬੱਚਾ ਬਹੁਤ ਕੁਝ ਸਿੱਖਦਾ ਹੈ, ਇਸ ਲਈ ਇਸ ਗੱਲ ਦਾ ਖਾਸ ਧਿਆਨ ਰੱਖੋ। * ਬੱਚਿਆਂ ਨੂੰ ਉਨ੍ਹਾਂ ਦੇ ਮਨਚਾਹੇ ਕੰਮ 'ਚ ਬਿਜ਼ੀ ਰੱਖਣ ਦਾ ਯਤਨ ਕਰਨਾ ਚਾਹੀਦਾ ਹੈ। * ਬੱਚਿਆਂ ਨੂੰ ਪੜ੍ਹਨ ਲਈ ਚੰਗੀਆਂ ਮਨੋਰੰਜਕ ਅਤੇ ਗਿਆਨ-ਵਧਾਊ ਕਿਤਾਬਾਂ ਲਿਆ ਕੇ ਦਿਓ। * ਬੱਚਿਆਂ ਨੂੰ ਕੁੱਟਣਾ ਜਾਂ ਉਨ੍ਹਾਂ ਨੂੰ ਸਜ਼ਾ ਦੇਣਾ ਉਨ੍ਹਾਂ ਨੂੰ ਹੋਰ ਵੀ ਸ਼ਰਾਰਤੀ ਬਣਾ ਸਕਦਾ ਹੈ।



**ਡਾ. ਫੌਜ਼ੀਆ ਨਸੀਮ 'ਸ਼ਾਦ'**

# Sir Speedy Tustin
Printers to the Community

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
Printed with your logo and info. One color, one location. Min. qty 1000
**19¢ each**

## Your Printed T-Shirts
White T-Shirts, 1 color screen printing in 1 position. Min Qty. 100
**Only $4.99**

## Your Printed Caps
1 color in 1 position. Min Qty. 100
**Only $4.99**

## Trip Envelopes Qty 1000
**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW

ਘਰ ਦੇ ਕੰਮ ਲਈ ਇੱਕ ਬੀਬੀ ਦੀ ਲੋੜ

Live-in housekeeper/ nanny needed

ਕਾਲ ਕਰੋ

510-938-7195

## ਭਾਰਤ 'ਚ ਪਾਰਲੀਮੈਂਟ ਚੋਣ-ਦੰਗਲ ਦੀ ਸ਼ੁਰੂਆਤ

ਸੱਤ ਪੜਾਵਾਂ ਵਿਚ ਮੁਕੰਮਲ ਹੋਵੇਗੀ। ਤੀਜੇ ਪੜਾਅ ਵਿਚ ਸਭ ਤੋਂ ਵੱਧ ਸੀਟਾਂ (115) ਲਈ ਵੋਟਾਂ ਪੈਣਗੀਆਂ। ਇਸ ਦੇ ਨਾਲ ਨਾਲ ਚਾਰ ਰਾਜਾਂ ਆਂਧਰਾ ਪ੍ਰਦੇਸ਼, ਸਿੱਕਮ, ਅਰੁਣਾਚਲ ਪ੍ਰਦੇਸ਼ ਅਤੇ ਉੜੀਸਾ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵੀ ਹੋਣਗੀਆਂ। ਜੰਮੂ ਕਸ਼ਮੀਰ ਦੀ ਵਿਧਾਨ ਸਭਾ ਲਈ ਚੋਣਾਂ ਵੀ ਹੋਣੀਆਂ ਹਨ ਪਰ ਕੇਂਦਰੀ ਚੋਣ ਕਮਿਸ਼ਨ ਨੇ ਕਿਹਾ ਹੈ ਕਿ ਉਹ ਇਸ ਬਾਰੇ ਫ਼ੈਸਲਾ ਬਾਅਦ ਵਿਚ ਕਰੇਗਾ। ਕਮਿਸ਼ਨ ਨੇ ਜੰਮੂ ਕਸ਼ਮੀਰ ਦੇ ਹਾਲਾਤ 'ਤੇ ਵਿਚਾਰ ਕਰਨ ਲਈ ਤਿੰਨ ਅਬਜ਼ਰਵਰ ਨਿਯੁਕਤ ਕੀਤੇ ਹਨ। 1996 ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਸੂਬੇ ਵਿਚ ਚੋਣਾਂ ਸਮੇਂ ਸਿਰ ਨਹੀਂ ਹੋ ਰਹੀਆਂ।

ਕੌਮੀ ਚੋਣ ਕਮਿਸ਼ਨ ਦੇ ਮੁੱਖ ਚੋਣ ਅਧਿਕਾਰੀ ਡਾ. ਐਸ. ਕਰੁਣਾ ਰਾਜ ਦੇ ਐਲਾਨ ਤੋਂ ਬਾਅਦ ਸੂਬੇ ਵਿਚ ਵੀ ਚੋਣ ਜ਼ਾਬਤਾ ਲਾਗੂ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਰਾਜ ਵਿਚ ਚੋਣਾਂ ਲਈ ਬਣਾਏ ਗਏ ਵਿਸਤ੍ਰਿਤ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਚੋਣ ਕਮਿਸ਼ਨ ਵਲੋਂ ਰਾਜ ਨੂੰ 243 ਕਰੋੜ ਦਾ ਬਜਟ ਅਲਾਟ ਕੀਤਾ ਗਿਆ ਹੈ, ਜਿਸ ਵਿਚੋਂ 60 ਕਰੋੜ ਸੁਰੱਖਿਆ 'ਤੇ ਖਰਚਿਆ ਜਾਣਾ ਹੈ ਅਤੇ ਰਾਜ ਵਿਚ ਚੋਣਾਂ ਲਈ ਕੋਈ 65 ਹਜ਼ਾਰ ਸੁਰੱਖਿਆ ਬਲ ਤਾਇਨਾਤ ਹੋਣਗੇ। ਰਾਜੂ ਨੇ ਦੱਸਿਆ ਕਿ ਰਾਜ ਵਿਚ ਸਮੁੱਚੀਆਂ ਵੋਟਿੰਗ ਮਸ਼ੀਨਾਂ ਨਾਲ ਵੀਵੀਪੈਟ ਮਸ਼ੀਨਾਂ ਵੀ ਲਗਾਈਆਂ ਜਾਣਗੀਆਂ। ਰਾਜੂ ਨੇ ਦੱਸਿਆ ਕਿ ਪੰਜਾਬ ਵਿਚ ਚੋਣਾਂ ਸਬੰਧੀ ਨੋਟੀਫ਼ਿਕੇਸ਼ਨ 22 ਅਪ੍ਰੈਲ 2019 ਨੂੰ ਜਾਰੀ ਕੀਤਾ ਜਾਵੇਗਾ ਅਤੇ ਨਾਮਜ਼ਦਗੀਆਂ ਦਾਖ਼ਲ ਕਰਨ ਲਈ ਆਖ਼ਰੀ ਤਰੀਕ 29 ਅਪ੍ਰੈਲ ਹੋਵੇਗੀ, ਜਦੋਂਕਿ ਨਾਮਜ਼ਦਗੀਆਂ ਦੀ ਜਾਂਚ 30 ਅਪ੍ਰੈਲ ਨੂੰ ਹੋਵੇਗੀ ਅਤੇ 2 ਮਈ ਤੱਕ ਨਾਮਜ਼ਦਗੀਆਂ ਵਾਪਸ ਲਈਆਂ ਜਾ ਸਕਣਗੀਆਂ। ਰਾਜ ਦੇ ਸਾਰੇ 13 ਹਲਕਿਆਂ ਵਿਚ ਵੋਟਾਂ 19 ਮਈ ਨੂੰ ਪੈਣਗੀਆਂ ਜਿਨ੍ਹਾਂ ਦੀ ਗਿਣਤੀ 23 ਮਈ ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਫਾਰਮ 26 ਵਿਚ ਜੋ ਉਮੀਦਵਾਰ ਉਸ ਵਿਰੁੱਧ ਦਰਜ ਅਪਰਾਧਿਕ ਮਾਮਲਿਆਂ ਸਬੰਧੀ ਠੀਕ ਜਾਣਕਾਰੀ ਨਹੀਂ ਭਰੇਗਾ ਉਸ ਦੇ ਨਾਮਜ਼ਦਗੀ ਕਾਗਜ਼ ਰੱਦ ਵੀ ਹੋ ਸਕਣਗੇ।

**ਪੰਜਾਬ 'ਚ ਸਿਆਸੀ ਸਰਗਰਮੀਆਂ ਤੇਜ਼-**

ਚੋਣਾਂ ਦੇ ਐਲਾਨ ਤੋਂ ਬਾਅਦ ਪੰਜਾਬ ਵਿਚ ਚੋਣ ਸਰਗਰਮੀਆਂ ਵੀ ਤੇਜ਼ ਹੋ ਗਈਆਂ ਹਨ। ਇਸ ਵੇਲੇ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਤੋਂ ਇਲਾਵਾ ਦੋ ਧਿਰਾਂ ਅਜਿਹੀਆਂ ਹਨ, ਜੋ ਪੰਜਾਬ ਦੀਆਂ ਸਾਰੀਆਂ 13 ਦੀਆਂ 13 ਸੀਟਾਂ 'ਤੇ ਚੋਣ ਲੜਨਗੀਆਂ। ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਅਪ੍ਰੈਲ ਮਹੀਨੇ ਵਿੱਚ ਆਪਣੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਸਕਦੀ ਹੈ। ਇਕ ਧਿਰ ਸੁਖਪਾਲ ਸਿੰਘ ਖਹਿਰਾ ਦੀ ਪੰਜਾਬੀ ਏਕਤਾ ਪਾਰਟੀ, ਬਸਪਾ, ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ ਤੇ ਸੰਸਦ ਮੈਂਬਰ ਡਾ: ਧਰਮਵੀਰ ਗਾਂਧੀ ਦਾ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਹੈ ਜਦੋਂ ਕਿ ਇਕ ਹੋਰ ਧਿਰ ਆਮ ਆਦਮੀ ਪਾਰਟੀ ਤੇ ਨਵੇਂ ਬਣੇ ਟਕਸਾਲੀ ਅਕਾਲੀ ਦਲ ਦਾ ਗਠਜੋੜ ਹੈ।

'ਆਪ' ਵਿਚਲੀ ਟੁੱਟ-ਭੱਜ ਨੇ ਪਾਰਟੀ ਦਾ ਲੋਕ ਸਭਾ ਚੋਣਾਂ ਦਾ ਰਾਹ ਔਖਾ ਕਰ ਦਿੱਤਾ ਹੈ। ਖਹਿਰਾ ਤੇ ਬੈਂਸ ਗਰੁੱਪ ਦਾ 'ਆਪ' ਨਾਲੋਂ ਟੁੱਟ ਜਾਣਾ 'ਆਪ' ਲਈ ਘਾਟੇਵੰਦਾ ਹੋ ਸਕਦਾ ਹੈ। ਇਸ ਵੇਲੇ 11 ਵਿਧਾਇਕ ਪਾਰਟੀ ਨਾਲ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਵਿਚਰ ਰਹੇ ਹਨ। ਦੂਸਰੇ ਪਾਸੇ ਬਾਗੀ ਧੜੇ ਖਹਿਰਾ ਨਾਲ ਜੁੜੇ 7 ਵਿਧਾਇਕਾਂ ਵਿੱਚੋਂ 5 ਵਿਧਾਇਕ ਸੰਧੂ, ਮਾਨਸ਼ਾਹੀਆ, ਖਾਲਸਾ, ਕਮਾਲੂ ਅਤੇ ਹਿੱਸੋਵਾਲ ਨੇ ਖਹਿਰਾ ਵੱਲੋਂ ਆਪਣੀ ਵੱਖਰੀ ਪਾਰਟੀ ਬਣਾਉਣ ਤੋਂ ਬਾਅਦ ਆਪਣਾ ਵੱਖਰਾ ਧੜਾ ਬਣਾ ਲਿਆ ਗਿਆ ਹੈ। ਹੁਣ ਖਹਿਰਾ ਨਾਲ ਕੇਵਲ ਇਕੋ ਵਿਧਾਇਕ ਮਾਸਟਰ ਬਲਦੇਵ ਸਿੰਘ ਹੀ ਰਹਿ ਗਏ ਹਨ, ਜਿਸ ਕਾਰਨ ਖਹਿਰਾ ਗਰੁੱਪ ਨੂੰ ਵੀ ਸਖਤ ਝਟਕਾ ਲੱਗਾ ਹੈ।

ਭਾਵੇਂ 'ਆਪ' ਨੇ 5 ਲੋਕ ਸਭਾ ਹਲਕਿਆਂ ਸੰਗਰੂਰ ਤੋਂ ਪਾਰਟੀ ਦੇ ਪ੍ਰਧਾਨ ਤੇ ਮੌਜੂਦਾ ਸੰਸਦ ਮੈਂਬਰ ਭਗਵੰਤ ਮਾਨ, ਫਰੀਦਕੋਟ ਤੋਂ ਮੌਜੂਦਾ ਸੰਸਦ ਮੈਂਬਰ ਪ੍ਰੋ. ਸਾਧੂ ਸਿੰਘ, ਅੰਮ੍ਰਿਤਸਰ ਤੋਂ ਕੁਲਦੀਪ ਧਾਲੀਵਾਲ (ਜਗਦੇਵ ਕਲਾਂ), ਆਨੰਦਪੁਰ ਸਾਹਿਬ ਤੋਂ ਨਰਿੰਦਰ ਸ਼ੇਰਗਿੱਲ ਅਤੇ ਹੁਸ਼ਿਆਰਪੁਰ ਤੋਂ ਡਾ. ਰਵਜੋਤ ਸਿੰਘ ਨੂੰ ਉਮੀਦਵਾਰ ਬਣਾ ਦਿੱਤਾ ਹੈ ਪਰ ਬਾਕੀ 8 ਸੀਟਾਂ ਲਈ ਫਿਲਹਾਲ ਉਮੀਦਵਾਰਾਂ ਦੀ ਭਾਲ ਚੱਲ ਰਹੀ ਹੈ। ਪਾਰਟੀ ਵੱਲੋਂ ਇਕ ਪਾਸੇ ਅਕਾਲੀ ਦਲ ਟਕਸਾਲੀ ਅਤੇ ਦੂਸਰੇ ਪਾਸੇ ਬਸਪਾ ਨਾਲ ਹੱਥ ਮਿਲਾਉਣ ਲਈ ਹਰੇਕ ਯਤਨ ਕੀਤਾ ਜਾ ਰਿਹਾ ਹੈ। ਟਕਸਾਲੀਆਂ ਨਾਲ ਆਨੰਦਪੁਰ ਸਾਹਿਬ ਦੀ ਸੀਟ ਉਪਰ ਪੇਚਾ ਪਿਆ ਹੈ ਕਿਉਂਕਿ ਜਿਥੇ ਟਕਸਾਲੀਆਂ ਦੇ ਮੁਖੀ ਰਣਜੀਤ ਸਿੰਘ ਬ੍ਰਹਮਪੁਰਾ ਇਸ ਹਲਕੇ ਤੋਂ ਪੁਰਾਣੇ ਕਾਂਗਰਸੀ ਤੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੂੰ ਉਮੀਦਵਾਰ ਐਲਾਨ ਚੁੱਕੇ ਹਨ, ਉਥੇ 'ਆਪ' ਨਰਿੰਦਰ ਸਿੰਘ ਸ਼ੇਰਗਿੱਲ ਨੂੰ ਆਪਣਾ ਉਮੀਦਵਾਰ ਬਣਾ ਚੁੱਕੀ ਹੈ। ਪੀਡੀਏ ਨਾਲ ਵੀ ਟਕਸਾਲੀਆਂ ਦੀ ਆਨੰਦਪੁਰ ਸੀਟ ਨੂੰ ਲੈ ਕੇ ਹੀ ਗੱਲ ਟੁੱਟੀ ਸੀ ਕਿਉਂਕਿ ਬਸਪਾ ਵੀ ਇਸ ਸੀਟ ਉਪਰ ਆਪਣਾ ਹੱਕ ਜਤਾ ਰਹੀ ਸੀ, ਜਿਸ ਕਾਰਨ ਪੀਡੀਏ ਵਿੱਚ ਫਿਲਹਾਲ ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਡਾ. ਧਰਮਵੀਰ ਗਾਂਧੀ ਦਾ ਪੰਜਾਬ ਮੰਚ, ਬਸਪਾ ਅਤੇ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਵਿਚਕਾਰ ਹੀ ਸਾਂਝ ਬਣੀ ਹੈ। ਪੀਡੀਏ ਨੇ ਹਾਲੇ ਰਸਮੀ ਤੌਰ 'ਤੇ ਸਾਰੇ ਉਮੀਦਵਾਰਾਂ ਦਾ ਐਲਾਨ ਨਹੀਂ ਕੀਤਾ।

'ਆਪ' ਨੇ ਆਪਣੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਸੱਦ ਕੇ ਬਰਨਾਲਾ ਵਿੱਚ ਰੈਲੀ ਕਰਕੇ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਫਿਲਹਾਲ 'ਆਪ' ਲੋਕ ਸਭਾ ਹਲਕਾ ਸੰਗਰੂਰ ਵਿੱਚ ਹੀ ਭਗਵੰਤ ਮਾਨ ਰਾਹੀਂ ਹੋਰ ਪਾਰਟੀਆਂ ਨੂੰ ਟੱਕਰ ਦੇਣ ਦੇ ਸਮਰੱਥ ਜਾਪਦੀ ਹੈ ਅਤੇ ਬਾਕੀ ਥਾਂਵਾਂ 'ਤੇ ਉਹ ਜੂਝ ਰਹੀ ਹੈ।

ਭਾਵੇਂ ਆਪ ਅਤੇ ਟਕਸਾਲੀ ਅਕਾਲੀ ਦਲ ਵਿਚ ਅਜੇ ਵੀ ਅਨੰਦਪੁਰ ਸਾਹਿਬ ਸੀਟ ਨੂੰ ਲੈ ਕੇ ਖਿੱਚੋਤਾਣ ਜਾਰੀ ਹੈ ਪਰ ਬਾਕੀ ਪੰਜਾਬ ਵਿਚ ਤਿਕੋਣੇ ਤੇ ਕਈ ਥਾਈਂ ਬਹੁਕੋਣੇ ਮੁਕਾਬਲੇ ਦੇਖਣ ਨੂੰ ਮਿਲਣਗੇ।

**ਲੋਕਤੰਤਰ ਲਈ ਖਤਰਾ ਭਾਜਪਾ -**

ਇਸ ਸਮੇਂ ਲੋਕਤੰਤਰ ਨੂੰ ਸਭ ਤੋਂ ਵੱਡਾ ਖਤਰਾ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਭਾਜਪਾ ਦੀ ਇਸ ਫਿਰਕੂ ਕਾਰਜਸ਼ੈਲੀ ਤੋਂ ਹੈ ਜਿਸ ਅਧੀਨ ਉਹ ਇਨ੍ਹਾਂ ਗੰਭੀਰ ਸਮੱਸਿਆਵਾਂ ਵੱਲੋਂ ਲੋਕਾਂ ਦਾ ਧਿਆਨ ਲਾਂਭੇ ਕਰਨ ਲਈ ਕਦੀ ਰਾਮ ਮੰਦਰ ਦੀ ਉਸਾਰੀ ਅਤੇ ਹਿੰਦੂ ਰਾਸ਼ਟਰਵਾਦ ਦੇ ਮੁੱਦੇ ਅਤੇ ਦੇਸ਼ ਭਗਤੀ ਦੀ ਆਪਣੇ ਹੀ ਹਿਸਾਬ ਨਾਲ ਵਿਆਖਿਆ ਕਰਕੇ ਫਿਰਕੂ ਜ਼ਹਿਰ ਘੋਲ ਰਹੀ ਹੈ ਤੇ ਭਾਰਤ-ਪਾਕਿ ਦਾ ਜੰਗੀ ਮਾਹੌਲ ਬਣਾ ਕੇ ਆਪਣੇ ਹੱਕ ਵਿਚ ਚੋਣ ਲਹਿਰ ਚਲਾ ਰਹੀ ਹੈ। ਇਸ ਮਕਸਦ ਲਈ ਧੂੰਆਂ ਧਾਰ ਪ੍ਰਚਾਰ ਕਰਨ ਲਈ ਮੀਡੀਏ ਦੇ ਵੱਡੇ ਹਿੱਸੇ ਨੂੰ ਖਰੀਦ ਚੁੱਕੀ ਹੈ। ਭ੍ਰਿਸ਼ਟਾਚਾਰ, ਮਹਿੰਗਾਈ ਤੇ ਬੇਰੁਜ਼ਗਾਰੀ ਖਤਮ ਕਰਨ ਅਤੇ ਕਾਨੂੰਨ ਦਾ ਰਾਜ ਪ੍ਰਬੰਧ ਦੇਣ ਦੇ ਨਾਹਰੇ ਨਾਲ ਸਤਾ ਵਿੱਚ ਆਈ ਪਾਰਟੀ ਰਾਫੇਲ, ਵਿਆਪਮ ਅਧਿਕ ਵੱਡੇ ਘੁਟਾਲਿਆਂ ਦਾ ਸ਼ਿਕਾਰ ਹੋ ਚੁੱਕੀ ਹੈ, ਦੇਸ਼ ਦੀਆਂ ਵੱਡੀਆਂ ਸੰਵਿਧਾਨਕ ਸੰਸਥਾਵਾਂ ਜਿਵੇਂ ਕਿ ਜੁਡੀਸ਼ਰੀ, ਸੀਬੀਆਈ ਦਾ ਵਕਾਰ ਡੇਗਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ। ਭਾਵੇਂ ਕਿ ਇਸ ਪੱਖੋਂ ਦੁੱਧ ਧੋਤੀ ਕੋਈ ਵੀ ਸਿਆਸੀ ਪਾਰਟੀ ਨਹੀਂ ਹੈ ਪਰ ਸਭ ਤੋਂ ਵੱਡੀ ਪਾਰਟੀ ਭਾਜਪਾ ਇਸ ਘਟੀਆ ਕਿਰਦਾਰ ਲਈ ਵੀ ਸਭ ਤੋਂ ਮੋਹਰੀ ਸਥਾਨ ਹਾਸਲ ਕਰ ਚੁੱਕੀ ਹੈ।

**ਪੰਜਾਬ ਡੈਮੋਕ੍ਰੇਟਿਕ ਅਲਾਇੰਸ ਨੇ ਉਮੀਦਵਾਰ ਉਤਾਰੇ-**

ਪੰਜਾਬ ਡੈਮੋਕ੍ਰੇਟਿਕ ਗਠਜੋੜ ਵੱਲੋਂ ਲੋਕ ਸਭਾ ਸੀਟਾਂ ਲਈ ਆਪਣੇ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਖਹਿਰਾ ਨੇ ਪੂਰੇ 13 ਹਲਕਿਆਂ ਵਿਚ ਆਪਣੇ ਉਮੀਦਵਾਰ ਖੜੇ ਕਰਨ ਦਾ ਐਲਾਨ ਕਰ ਕੇ ਵਿਰੋਧੀ ਪਾਰਟੀਆਂ ਨੂੰ ਤਕੜੀ ਟੱਕਰ ਦੇਣ ਦਾ ਸੰਕੇਤ ਦਿੱਤਾ ਹੈ। ਖਹਿਰਾ, ਬੈਂਸ ਤੇ ਗਾਂਧੀ ਇਸ ਮਾਮਲੇ ਵਿਚ ਇਕਮੁੱਠ ਹਨ। ਫਰੀਦਕੋਟ ਤੋਂ ਮਾ. ਬਲਦੇਵ ਸਿੰਘ ਜੈਤੋਂ (ਖਹਿਰਾ), ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ, ਖਡੂਰ ਸਾਹਿਬ ਤੋਂ ਪਰਮਜੀਤ ਕੌਰ ਖਾਲੜਾ (ਖਹਿਰਾ), ਅਨੰਦਪੁਰ ਸਾਹਿਬ ਤੋਂ ਬਿਕਰਮਜੀਤ ਸਿੰਘ ਸੋਢੀ (ਬਸਪਾ), ਹੁਸ਼ਿਆਰਪੁਰ ਤੋਂ ਚੌਧਰੀ ਖੁਸ਼ੀ ਰਾਮ (ਬਸਪਾ), ਜਲੰਧਰ ਤੋਂ ਬਲਵਿੰਦਰ ਕੁਮਾਰ ਐਡੋਕੇਟ (ਬਸਪਾ), ਫ਼ਤਹਿਗੜ੍ਹ ਸਾਹਿਬ ਤੋਂ ਮਨਵਿੰਦਰ ਸਿੰਘ ਗਿਆਸਪੁਰਾ (ਬੈਂਸ ਧੜਾ) ਨੂੰ ਆਪਣੇ ਉਮੀਦਵਾਰ ਐਲਾਨ ਦਿੱਤਾ ਗਿਆ ਹੈ।

ਸੁਖਪਾਲ ਸਿੰਘ ਖਹਿਰਾ ਨੇ ਦੱਸਿਆ ਕਿ 6 ਜਥੇਬੰਦੀਆਂ ਇਸ ਗੱਠਜੋੜ ਵਿੱਚ ਸ਼ਾਮਲ ਹਨ। ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਕਰ ਕੇ ਫ਼ੈਸਲਾ ਕੀਤਾ ਕਿ ਸੀਪੀਆਈ ਨੂੰ ਫ਼ਿਰੋਜ਼ਪੁਰ ਤੋਂ, ਰੈਵੋਲਿਊਸ਼ਨਰੀ ਮਾਰਕਸਵਾਦੀ ਪਾਰਟੀ ਆਫ਼ ਇੰਡੀਆ ਨੂੰ ਗੁਰਦਾਸਪੁਰ ਤੋਂ, ਲੋਕ ਇਨਸਾਫ ਪਾਰਟੀ ਨੂੰ ਲੁਧਿਆਣਾ ਤੋਂ ਅਤੇ ਪੰਜਾਬ ਏਕਤਾ ਪਾਰਟੀ ਨੂੰ ਬਠਿੰਡਾ ਤੋਂ ਟਿਕਟ ਦਿੱਤੀ ਜਾਵੇਗੀ। ਖਹਿਰਾ ਨੇ ਦੱਸਿਆ ਕਿ ਸੰਗਰੂਰ ਲੋਕ ਸਭਾ ਹਲਕਾ ਅਜੇ ਵਿਚਾਰ ਅਧੀਨ ਹੈ। ਮੌਕੇ ਦੇ ਹਾਲਾਤਾਂ ਮੁਤਾਬਕ ਕਿਸੇ ਵੀ ਉਮੀਦਵਾਰ ਨੂੰ ਚੋਣ ਮੈਦਾਨ ਵਿਚ ਉਤਾਰਿਆ ਜਾ ਸਕਦਾ ਹੈ।

**ਪੰਥਕ ਮੁੱਦਿਆਂ ਦੀ ਰਾਜਨੀਤੀ ਆਪਸੀ ਫੁੱਟ ਦਾ ਸ਼ਿਕਾਰ-**

ਪੰਜਾਬ ਵਿਚ ਪੰਥਕ ਰਾਜਨੀਤੀ ਦੀ ਹਾਲਤ ਮਾੜੀ ਹੈ, ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦਾ ਗਰਾਫ਼ ਬੁਰੀ ਤਰ੍ਹਾਂ ਡਿੱਗ ਚੁੱਕਾ ਹੈ। ਅਕਾਲੀ ਆਗੂ ਤੇ ਇਥੋਂ ਤੱਕ ਸੁਖਬੀਰ ਸਿੰਘ ਬਾਦਲ ਰੁੱਸੇ ਹੋਏ ਅਕਾਲੀ ਨੇਤਾਵਾਂ ਦੀਆਂ ਮਿੰਨਤਾਂ ਕਰਦੇ ਸੁਣੇ ਜਾਂਦੇ ਹਨ। ਨਵਾਂ ਬਣਿਆ ਟਕਸਾਲੀ ਅਕਾਲੀ ਦਲ 3 ਕੁ ਲੋਕ ਸਭਾ ਸੀਟਾਂ ਜ਼ੋਰ ਨਾਲ ਲੜਨ ਰਿਹਾ ਜਾਪਤਾ ਹੈ, ਉਹ ਅਜੇ ਤੱਕ ਆਪਣਾ ਘੇਰਾ ਵਿਸ਼ਾਲ ਨਹੀਂ ਬਣਾ ਸਕਿਆ। ਬਰਗਾੜੀ ਮੋਰਚਾ ਵੀ ਪੰਜਾਬ ਦੀ ਰਾਜਨੀਤੀ ਵਿਚ ਕੋਈ ਚਮਤਕਾਰ ਨਹੀਂ ਦਿਖਾ ਸਕਿਆ।

ਦੂਸਰੇ ਪਾਸੇ ਬੈਂਸ ਭਰਾ ਵੀ ਨਿਰੋਲ ਪੰਥਕ ਰਾਜਨੀਤੀ ਤੋਂ ਦੂਰੀਆਂ ਬਣਾ ਕੇ ਰੱਖ ਰਹੇ ਹਨ। ਉਂਝ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਹੀ ਇਕੱਲੀ ਅਜਿਹੀ ਪਾਰਟੀ ਹੈ ਜੋ ਕਈ ਪੰਥਕ ਉਮੀਦਵਾਰ ਖੜ੍ਹੇ ਕਰ ਰਹੀ ਹੈ। ਜੇਕਰ ਬੈਂਸ ਭਰਾ ਪੰਜਾਬ ਵਿਚ ਇਕ ਵੀ ਸੀਟ ਜਿੱਤ ਜਾਂਦੇ ਹਨ ਤਾਂ ਉਹ ਨਵਾਂ ਅਕਾਲੀ ਦਲ ਬਣਾ ਸਕਦੇ ਹਨ। ਜਦੋਂ ਅਜੇ ਟਕਸਾਲੀ ਅਕਾਲੀ ਦਲ ਬਣਨਾ ਸੀ ਤਾਂ ਸਭ ਬਾਦਲ ਵਿਰੋਧੀ ਸਿੱਖ ਧੜਿਆਂ ਦੀ ਇਕ ਅਕਾਲੀ ਦਲ ਬਣਾਉਣ ਦੀ ਚਰਚਾ ਚੱਲ ਰਹੀ ਸੀ। ਸੂਤਰਾਂ ਮੁਤਾਬਕ ਸਿਮਰਜੀਤ ਸਿੰਘ ਬੈਂਸ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਮੰਨ ਲਿਆ ਜਾਵੇ ਪਰ ਇਸੇ ਦੌਰਾਨ ਮਾਝੇ ਦੇ ਅਕਾਲੀ ਲੀਡਰਾਂ ਨੇ ਟਕਸਾਲੀ ਅਕਾਲੀ ਦਲ ਬਣਾ ਲਿਆ।

ਸਿਮਰਜੀਤ ਸਿੰਘ ਬੈਂਸ ਆਪ ਅਕਾਲੀ ਪਿਛੋਕੜ ਤੋਂ ਹਨ ਪਰ ਉਨ੍ਹਾਂ ਦੇ ਫਤਹਿਗੜ੍ਹ ਸਾਹਿਬ ਤੋਂ ਸੰਭਾਵਿਤ ਉਮੀਦਵਾਰ ਮਨਵਿੰਦਰ ਸਿੰਘ ਗਿਆਸਪੁਰਾ 'ਹੋਂਦ ਚਿੱਲੜ' ਕਾਂਡ ਅਤੇ ਹੋਰ ਸਿੱਖ ਕਤਲੇਆਮ ਦੇ ਮਾਮਲਿਆਂ ਨੂੰ ਅੱਗੇ ਲਿਆਉਣ ਲਈ ਚਰਚਿਤ ਰਹੇ ਹਨ, ਜਦੋਂ ਕਿ ਲੋਕ ਇਨਸਾਫ਼ ਪਾਰਟੀ ਦੀ ਹੀ ਖਡੂਰ ਸਾਹਿਬ ਹਲਕੇ ਦੀ ਉਮੀਦਵਾਰ ਪਰਮਜੀਤ ਕੌਰ ਖਾਲੜਾ ਅਣਪਛਾਤੀਆਂ ਕਹਿ ਕੇ ਸਾੜੀਆਂ ਗਈਆਂ ਸਿੱਖਾਂ ਦੀਆਂ ਲਾਸ਼ਾਂ ਨੂੰ ਸਾਹਮਣੇ ਲਿਆਉਣ ਦੇ ਮਾਮਲੇ ਵਿਚ ਕੁਰਬਾਨੀ ਦੇਣ ਵਾਲੇ ਜਸਵੰਤ ਸਿੰਘ ਖਾਲੜਾ ਦੀ ਧਰਮ ਪਤਨੀ ਹਨ।

**ਬੈਂਸ ਹਰਸਿਮਰਤ ਬਾਦਲ ਖਿਲਾਫ ਚੋਣ ਲੜਨਗੇ ?**

ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਐਲਾਨ ਕੀਤਾ ਹੈ ਕਿ ਉਹ ਹਰਸਿਮਰਤ ਕੌਰ ਬਾਦਲ ਖ਼ਿਲਾਫ਼ ਚੋਣ ਲੜਨਗੇ। ਉਨ੍ਹਾਂ ਐਲਾਨ ਕੀਤਾ ਕਿ ਹਰਸਿਮਰਤ ਬਾਦਲ ਫ਼ਿਰੋਜ਼ਪੁਰ ਤੋਂ ਚੋਣ ਲੜਦੀ ਹੈ, ਤਾਂ ਬੀਬੀ ਬਾਦਲ ਖ਼ਿਲਾਫ਼ ਚੋਣ ਲੜਨ ਲਈ ਤਿਆਰ ਹਨ।

**ਗਾਂਧੀ ਨੇ ਬਣਾਈ 'ਨਵਾਂ ਪੰਜਾਬ ਪਾਰਟੀ'-**

ਪਟਿਆਲਾ ਤੋਂ ਐੱਮਪੀ ਤੇ ਆਮ ਆਦਮੀ ਪਾਰਟੀ ਦੇ ਬਾਗੀ ਆਗੂ ਡਾ. ਧਰਮਵੀਰ ਗਾਂਧੀ ਨੇ ਆਪਣੀ ਸਿਆਸੀ ਪਾਰਟੀ 'ਨਵਾਂ ਪੰਜਾਬ ਪਾਰਟੀ' ਬਣਾਉਣ ਦਾ ਐਲਾਨ ਕੀਤਾ। ਇਹ ਪਾਰਟੀ 'ਪੰਜਾਬ ਡੈਮੋਕ੍ਰੇਟਿਕ ਅਲਾਇੰਸ' ਦਾ ਹਿੱਸਾ ਹੀ ਹੋਵੇਗੀ।

**ਬਾਦਲਾਂ ਦੀਆਂ 13 ਤੋਪਾਂ ਦੇ ਮੂੰਹ ਫਿਲਹਾਲ ਬੰਦ-**

ਸਾਲ 2015 ਵਿੱਚ ਵਾਪਰੇ ਬੇਅਦਬੀ ਤੇ ਗੋਲੀਕਾਂਡਾਂ ਕਾਰਨ ਲੋਕਾਂ ਵਿਚ ਆਪਣਾ ਅਕਸ ਗਵਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਚੋਣਾਂ ਵਿਚ ਕਰਾਰੀ ਹਾਰ ਦਾ ਸਾਹਮਣਾ ਕਰਨ ਮਗਰੋਂ ਸਿਰ 'ਤੇ ਖੜ੍ਹੀਆਂ ਲੋਕ ਸਭਾ ਚੋਣਾਂ ਲਈ ਆਪਣੇ ਸੀਨੀਅਰ ਲੀਡਰਾਂ 'ਤੇ ਦਾਅ ਖੇਡ ਸਕਦਾ ਹੈ। ਅਕਾਲੀ ਦਲ ਇਸ ਸਮੇਂ ਬੇਹੱਦ ਮਾੜੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿਸ ਦਾ ਵੱਡਾ ਕਾਰਨ ਪਾਰਟੀ ਦੇ ਟਕਸਾਲੀ ਆਗੂਆਂ ਵੱਲੋਂ ਵੱਖ ਹੋ ਕੇ ਆਪਣੀ ਵੱਖਰੀ ਪਾਰਟੀ ਬਣਾਉਣ ਤੇ ਹੋਰ ਪਾਰਟੀਆਂ ਵਿਚ ਸ਼ਾਮਲ ਹੋਣ ਮਗਰੋਂ ਮਜ਼ਬੂਤ ਉਮੀਦਵਾਰਾਂ ਦਾ ਖ਼ਲਾਅ ਪੈਦਾ ਹੋਣਾ ਹੈ।

ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ 'ਆਪ', ਕਾਂਗਰਸ ਤੇ ਬਾਦਲ ਦਲ ਕੋਲ 4-4 ਤੇ ਭਾਜਪਾ ਕੋਲ ਇੱਕ ਸੀਟ ਹਾਸਲ ਹੈ। ਖਡੂਰ ਸਾਹਿਬ ਤੋਂ ਮੌਜੂਦਾ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਤੇ ਸੇਵਾ ਸਿੰਘ ਸੇਖਵਾਂ ਆਦਿ ਅਕਾਲੀ ਦਲ ਦੇ ਮਜ਼ਬੂਤ ਤੇ ਵੱਡੇ ਚਿਹਰੇ ਸਨ ਜੋ ਹੁਣ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦਾ ਹਿੱਸਾ ਹਨ। ਇਸ ਤੋਂ ਇਲਾਵਾ ਫ਼ਿਰੋਜ਼ਪੁਰ ਲੋਕ ਸਭਾ ਸੀਟ ਤੋਂ ਅਕਾਲੀ ਦਲ ਦੀ ਸੀਟ ਤੋਂ ਸੰਸਦ ਮੈਂਬਰ ਬਣੇ ਸ਼ੇਰ ਸਿੰਘ ਘੁਬਾਇਆ ਹੁਣ ਕਾਂਗਰਸ ਵਿੱਚ ਸ਼ਾਮਲ ਹੋ ਚੁੱਕੇ ਹਨ। ਇਹ ਚਾਰੇ ਚਿਹਰੇ ਹੀ ਅਕਾਲੀ ਦਲ ਬਾਦਲ ਲਈ ਲੋਕ ਸਭਾ ਚੋਣਾਂ ਵਿੱਚ ਬਿਹਤਰੀਨ ਚਿਹਰੇ ਸਨ, ਪਰ ਹੁਣ ਪਾਰਟੀ ਨੇ ਬੇਹੱਦ ਮੁਸ਼ੱਕਤ ਮਗਰੋਂ ਆਪਣੇ ਹਿੱਸੇ ਦੀਆਂ 10 ਲੋਕ ਸਭਾ ਸੀਟਾਂ ਲਈ ਉਮੀਦਵਾਰ ਦੇਖੇ ਹਨ।

ਸੂਤਰਾਂ ਦੀ ਮੰਨੀਏ ਤਾਂ ਸੰਕਟ ਦੀ ਘੜੀ ਵਿੱਚ ਅਕਾਲੀ ਦਲ ਆਪਣੇ ਮੌਜੂਦਾ ਸੰਸਦ ਮੈਂਬਰਾਂ ਨੂੰ ਹੀ ਪਿੜ ਵਿੱਚ ਉਤਾਰੇਗਾ। ਅਨੰਦਪੁਰ ਸਾਹਿਬ ਤੋਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਤੇ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਨੂੰ ਚੋਣ ਲੜਾਉਣੀ ਲਗਪਗ ਤੈਅ ਹੈ। ਦੋ ਸੀਟਾਂ ਤੋਂ ਮੌਜੂਦਾ ਸੰਸਦ ਮੈਂਬਰਾਂ ਦੇ ਪਾਰਟੀ ਤੋਂ ਦੂਰ ਹੋਣ ਕਾਰਨ ਖਡੂਰ ਸਾਹਿਬ ਤੋਂ ਬੀਬੀ ਜਗੀਰ ਕੌਰ ਉਤਾਰ ਦਿੱਤਾ ਹੈ ਤੇ ਫ਼ਿਰੋਜ਼ਪੁਰ ਤੋਂ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਦੀ ਦਾਅਵੇਦਾਰੀ ਖਾਸੀ ਹੈ।

ਫ਼ਰੀਦਕੋਟ ਤੋਂ ਪਰਮਜੀਤ ਕੌਰ ਗੁਲਸ਼ਨ, ਲੁਧਿਆਣਾ ਤੋਂ ਸ਼ਰਨਜੀਤ ਸਿੰਘ ਢਿੱਲੋਂ, ਜਲੰਧਰ ਤੋਂ ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਤੇ ਫ਼ਤਹਿਗੜ੍ਹ ਸਾਹਿਬ ਤੋਂ ਆਰਟੀਓ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਸਾਬਕਾ ਵਿਧਾਇਕਾ ਵਨਿੰਦਰ ਕੌਰ ਲੂੰਬਾ ਦੇ ਪਤੀ ਕਰਨ ਸਿੰਘ ਦੇ ਨਾਂ ਦੇ ਚਰਚੇ ਹਨ। ਸੰਗਰੂਰ ਤੇ ਪਟਿਆਲਾ ਸੀਟਾਂ ਲਈ ਅਕਾਲੀ ਦਲ ਨੂੰ ਕਾਬਲ ਚਿਹਰਿਆਂ ਦੀ ਤਲਾਸ਼ ਹੈ। ਸੰਗਰੂਰ ਤੋਂ ਵੀ ਟਕਸਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਪਰਿਵਾਰ 'ਤੇ ਹੀ ਚੋਣ ਲੜਨ ਤੋਂ ਰੋਕ ਲਾਈ ਹੋਈ ਹੈ। ਜੇਕਰ ਸਾਰੇ ਅੰਕੜਿਆਂ 'ਤੇ ਨਜ਼ਰਸਾਨੀ ਕੀਤੀ ਜਾਵੇ ਤਾਂ ਅਕਾਲੀ ਦਲ ਲਈ ਇਹ ਲੋਕ ਸਭਾ ਚੋਣਾਂ ਬੇਹੱਦ ਮੁਸ਼ਕਲ ਹਨ। ਬੇਅਦਬੀ ਤੇ ਗੋਲੀਕਾਂਡਾਂ ਕਾਰਨ ਸਿੱਖਾਂ ਵਿੱਚ ਰੋਹ ਸ਼ਾਂਤ ਨਹੀਂ ਹੋਇਆ ਉੱਪਰੋਂ ਵੱਡੇ ਚਿਹਰਿਆਂ ਨੇ ਵੀ ਪਾਰਟੀ ਤੋਂ ਕਿਨਾਰਾ ਕਰ ਲਿਆ।

## ਕੀ ਹੈ ਪੰਜਾਬ ਦੀ ਸਮੱਸਿਆ

ਬਦਲ ਦੀ ਸਖਤ ਜਰੂਰਤ ਹੈ ਪਰ ਸੰਭਵ ਸਿਰਫ ਤਾਂ ਹੀ ਹੋ ਸਕਦਾ ਹੈ ਜੇਕਰ ਸੁਖਪਾਲ ਸਿੰਘ ਖਹਿਰਾ, ਸਿਮਰਨਜੀਤ ਸਿੰਘ ਬੈਂਸ, ਧਰਮਵੀਰ ਗਾਂਧੀ, ਬਸਪਾ, ਅਕਾਲੀ ਦਲ ਟਕਸਾਲੀ ਤੇ 'ਆਪ' ਨਿੱਜੀ ਸੁਆਰਥਾਂ ਤੋਂ ਉੱਪਰ ਉੱਠ ਕੇ ਇੱਕ ਮੰਚ 'ਤੇ ਇਕੱਠੇ ਹੋ ਜਾਣ ਬਲਕਿ ਸੁੱਚਾ ਸਿੰਘ ਛੋਟੇਪੁਰ ਨੂੰ ਵੀ ਪੀਡੀਏ ਵਿੱਚ ਸ਼ਾਮਲ ਕਰਕੇ ਸੀਟਾਂ ਲਈ ਕੋਟਾ ਵੰਡ ਦੀ ਥਾਂ ਸਾਂਝੇ ਤੌਰ 'ਤੇ ਜਿੱਤਣ ਦੀ ਸੰਭਾਵਨਾ ਰੱਖਣ ਵਾਲੇ ਯੋਗ ਉਮੀਦਵਾਰਾਂ ਦੀ ਚੋਣ ਕਰ ਲੈਣ। ਜਿੱਥੋਂ ਤੱਕ ਹੁਣ ਪੰਜਾਬ ਦੀ ਰਾਜਨੀਤਕ ਸਥਿਤੀ ਬਣੀ ਹੋਈ ਹੈ, ਉਸ ਦੀ ਸੰਭਾਵਨਾ ਕਾਂਗਰਸ ਵੱਲ ਝੁਕਦੀ ਦਿਖਾਈ ਦੇ ਰਹੀ ਹੈ। ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ 13 ਵਿਚੋਂ 11 ਸੀਟਾਂ ਜਿੱਤ ਸਕਦੀ ਹੈ ਤੇ ਇਕ ਸੀਟ ਅਕਾਲੀ-ਭਾਜਪਾ ਗੱਠਜੋੜ ਨੂੰ ਵੀ ਮਿਲ ਸਕਦੀ ਹੈ। ਸੰਗਰੂਰ ਲੋਕ ਸਭਾ ਸੀਟ ਉਤੇ ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਦੀ ਸਥਿਤੀ ਹਾਲ ਦੀ ਘੜੀ ਬਿਹਤਰ ਦਿਖਾਈ ਦੇ ਰਹੀ ਹੈ। ਪੰਜਾਬ ਪੱਖੀ ਰਾਜਸੀ ਮਾਹਰਾਂ ਦਾ ਮੰਨਣਾ ਹੈ ਕਿ ਇਹ ਪੰਜਾਬ ਦੇ ਚੰਗੇ ਭਵਿੱਖ ਦੇ ਹੱਕ ਵਿਚ ਨਹੀਂ ਹੈ, ਕਿਉਂਕਿ ਕਾਂਗਰਸ ਕੇਂਦਰੀ ਪਾਰਟੀ ਹੈ, ਜੋ ਫੈਡਰਲ ਢਾਂਚੇ ਦੇ ਹੱਕ ਵਿਚ ਨਹੀਂ ਹੈ। ਫੈਡਰਲ ਢਾਂਚੇ ਵਾਲੀ ਪਾਰਟੀ ਉਸਾਰਨ ਤੋਂ ਬਿਨਾਂ ਪੰਜਾਬ ਦਾ ਭਵਿੱਖ ਨਹੀਂ ਉਸਰ ਸਕਦਾ।

## ਪੰਜਾਬ ਵਿਚ ਆਨਲਾਇਨ ਵਿਕਦਾ ਏ ਚਿੱਟਾ

ਵਾਂਗ ਲਟਕਾਇਆ ਤੇ ਲੈ ਜਾ ਕੇ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਦੀ ਟੇਬਲ 'ਤੇ ਜਾ ਧਰਿਆ। ਇਸ ਦੌਰਾਨ ਉਨ੍ਹਾਂ ਇਸ ਸਾਰੇ ਆਪ੍ਰੇਸ਼ਨ ਦੀ ਜਾਣਕਾਰੀ ਕਮਿਸ਼ਨਰ ਪੁਲਿਸ ਨੂੰ ਦਿੰਦਿਆਂ ਉਨ੍ਹਾਂ ਚਾਰਾਂ ਵਿੱਚੋਂ 2 ਪੁੜੀਆਂ ਪੁਲਿਸ ਦੇ ਹਵਾਲੇ ਕਰਦਿਆਂ ਉਸ ਦੀ ਜਾਂਚ ਕਰਵਾਉਣ ਲਈ ਕਿਹਾ ਤੇ 2 ਪੁੜੀਆਂ ਆਪਣੇ ਕੋਲ ਰੱਖ ਕੇ ਆਪਣੇ ਪੱਧਰ 'ਤੇ ਜਾਂਚ ਕਰਵਾਉਣ ਦੀ ਗੱਲ ਆਖੀ ਤਾਂ ਕਿ ਦੋਵਾਂ ਰਿਪੋਰਟਾਂ ਦਾ ਮਿਲਾਨ ਕਰਕੇ ਦੇਖਿਆ ਜਾਵੇ, ਕਿਉਂਕਿ ਬੈਂਸ ਨੂੰ ਇਹ ਸ਼ੱਕ ਸੀ ਕਿ ਪੁਲਿਸ ਬਾਅਦ ਵਿੱਚ ਇਹ ਦੋਸ਼ ਲਾ ਸਕਦੀ ਹੈ ਕਿ ਇਹ ਚਿੱਟਾ ਸਿਮਰਜੀਤ ਬੈਂਸ ਨੇ ਆਪਣੇ ਕੋਲੋਂ ਲਿਆਂਦਾ ਹੈ। ਬੈਂਸ ਨੇ ਕਿਹਾ ਕਿ ਇਸੇ ਲਈ ਉਨ੍ਹਾਂ ਨੇ ਇਹ ਸਾਰਾ ਆਪ੍ਰੇਸ਼ਨ ਫੇਸਬੁੱਕ 'ਤੇ ਲਾਈਵ ਹੋ ਕੇ ਕੀਤਾ ਹੈ, ਤੇ ਲਾਈਵ ਹੋ ਕੇ ਹੀ ਉਹ ਇਹ ਚਿੱਟੇ ਦੀ ਪੁੜੀਆਂ ਪੁਲਿਸ ਕਮਿਸ਼ਨਰ ਨੂੰ ਦੇਣ ਆਏ ਹਨ।

ਬੈਂਸ ਨੇ ਨਸ਼ੇ ਦੇ ਵਪਾਰੀਆਂ ਕੋਲੋਂ ਖਰੀਦ ਕੇ ਲਿਆਂਦੀਆਂ ਚਿੱਟੇ ਦੀ ਪੜੀਆਂ ਮੀਡੀਆ ਸਾਹਮਣੇ ਦਿਖਾਈਆਂ ਤੇ ਇਲਾਕੇ ਦੀ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਇਹ ਹੋ ਹੀ ਨਹੀਂ ਸਕਦਾ ਕਿ ਨਸ਼ਾ ਵਿਕਦਾ ਹੋਵੇ ਤੇ ਇਲਾਕੇ ਦੇ ਐਸਐਚਓ ਜਾਂ ਚੌਕੀ ਇਚਾਰਜ ਨੂੰ ਇਹ ਪਤਾ ਨਾ ਹੋਵੇ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਸਹੀ ਢੰਗ ਨਾਲ ਕਾਰਵਾਈ ਕਰਦੀ ਤਾਂ ਪੰਜਾਬ ਵਿੱਚ ਚਿੱਟਾ ਵਿਕ ਹੀ ਨਹੀਂ ਸਕਦਾ। ਸਿਮਰਜੀਤ ਸਿੰਘ ਬੈਂਸ ਅਨੁਸਾਰ ਜੇ ਪੁਲਿਸ ਆਪਣੀ ਡਿਊਟੀ ਸਹੀ ਢੰਗ ਨਾਲ ਕਰੇ ਤਾਂ ਸਕਿੰਟਾਂ ਵਿੱਚ ਚਿੱਟਾਂ ਵਿਕਣਾ ਬੰਦ ਹੋ ਸਕਦਾ ਹੈ, ਪਰ ਇਹ ਲੋਕ ਪੈਸੇ ਲੈ ਕੇ ਅਜਿਹੇ ਨਜ਼ਾਇਜ਼ ਧੰਦਿਆਂ ਨੂੰ ਕਰਨ ਦੀ ਖੁੱਲ੍ਹ ਦੇ ਰਹੇ ਹਨ।

## ਸ਼੍ਰੋਮਣੀ ਕਮੇਟੀ ਤੇ ਨਿਹੰਗ ਫੌਜਾਂ ਮਹੱਲਾ ਵੱਖੋ-ਵੱਖਰੇ ਦਿਨ ਕੱਢਣਗੀਆਂ

ਅਤੇ 19, 20 ਅਤੇ 21 ਮਾਰਚ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਮਨਾਇਆ ਜਾਣਾ ਹੈ।

ਬਾਬਾ ਬੁੱਢਾ ਦਲ ਦੇ ਮੁਖੀ ਬਾਬਾ ਬਲਵੀਰ ਸਿੰਘ 96ਵੇਂ ਕਰੋੜੀ ਨੇ ਦੱਸਿਆ ਕਿ ਗੁਰੂ ਸਾਹਿਬ ਦੇ ਸਮੇਂ ਤੋਂ ਚਲਦੀ ਆ ਰਹੀ ਰਵਾਇਤ ਅਨੁਸਾਰ ਪੂਰਨਮਾਸ਼ੀ ਤੋਂ ਅਗਲੇ ਦਿਨ ਹੀ ਮਹੱਲਾ ਕੱਢਿਆ ਜਾਂਦਾ ਹੈ ਅਤੇ ਉਸ ਅਨੁਸਾਰ ਮਹੱਲੇ ਦੀ ਤਰੀਕ 22 ਮਾਰਚ ਬਣਦੀ ਹੈ। ਇਸ ਸਬੰਧੀ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲਿਆਂ ਨਾਲ ਚਰਚਾ ਕਰਨ ਉਪਰੰਤ ਜਥੇਦਾਰ ਕੇਸਗੜ੍ਹ ਸਾਹਿਬ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ। ਬਾਬਾ ਨਾਗਰ ਸਿੰਘ ਹਰੀਆਂ ਵੇਲਾਂ ਵਾਲੇ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਬਾਰੇ ਨਿਹੰਗ ਮੁਖੀ ਨਾਲ ਸਲਾਹ ਕਰਨੀ ਚਾਹੀਦੀ ਸੀ।

## ਸਰਬ ਸਾਂਝਾ ਪੀਰ ਨਾਨਕ

ਸੀ, ਸਗੋਂ ਪਤਣ ਵੱਲ ਲਿਜਾ ਰਿਹਾ ਸੀ। ਗੁਰੂ ਨਾਨਕ ਦੇਵ ਜੀ ਦੇ ਕ੍ਰਾਂਤੀਕਾਰੀ ਵਿਚਾਰਾਂ ਦੀ ਬਦੌਲਤ ਸਦੀਆਂ ਤੋਂ ਭੇਦ-ਭਾਵ ਅਤੇ ਧਾਰਮਿਕ ਜਿਲ੍ਹਨ 'ਚ ਫਾਥੇ ਅਤੇ ਜਕੜੇ ਸਮਾਜ ਦਾ ਕਾਇਆ-ਕਲਪ ਹੋਣਾ ਸ਼ੁਰੂ ਹੋ ਗਿਆ। ਅਜਿਹਾ ਉਸਾਰੀ ਪਰਿਵਰਤਨ ਰੂੜ੍ਹੀਵਾਦੀ ਵਿਚਾਰਾਂ ਵਾਲੇ ਪੰਡਿਤਾਂ ਅਤੇ ਮੁੱਲਾਂ-ਮੁਲਾਣਿਆਂ ਲਈ ਹੈਰਾਨੀ ਦਾ ਕਾਰਨ ਬਣਿਆ-

'ਆਰਫ਼ੋਂ ਕੋ ਹੈਰਤ ਮੁਨਕਰੋਂ ਕੋ ਸਕਤਾ

ਹਰ ਦਿਲ ਮੇਂ ਛਾ ਰਹਾ ਹੈ ਰੋਹਬੇ-ਜਮਾਲ ਨਾਨਕ।'

ਨਾਨਕ ਪੀਰ ਦਾ ਅੰਗ-ਅੰਗ ਰੱਬੀ ਰਜ਼ਾ ਅਤੇ ਭਗਤੀ ਰਸ ਨਾਲ ਮਖ਼ਮੂਰ ਸੀ। ਲੋਕ-ਨਾਇਕ ਹੋਣ ਕਾਰਨ ਉਨ੍ਹਾਂ ਆਤਮਿਕ ਪੱਖੋਂ ਪਿਆਸੀ ਅਤੇ ਤਿਹਾਈ ਲੋਕਾਈ ਲਈ ਬਿਨਾਂ ਕਿਸੇ ਭੇਦ-ਭਾਵ ਦੇ ਰੱਬੀ ਰਜ਼ਾ ਅਤੇ ਮੁਹੱਬਤਾਂ ਦੇ ਜਾਮ ਵੰਡੇ। ਲੋਕ ਸਾਹਿਤਕਾਰ ਹੋਣ ਸਦਕਾ ਨਾਨਕ ਦਾ ਸਾਂਝੀਵਾਲਤਾ ਦਾ ਕਲਾਵਾ ਏਨਾ ਮੋਕਲਾ ਅਤੇ ਵਿਸ਼ਾਲ ਸੀ ਕਿ ਉਨ੍ਹਾਂ ਹਿੰਦੂ-ਮੁਸਲਮਾਨ, ਮੋਮਨ-ਕਾਫ਼ਰ ਅਤੇ ਅਮੀਰ-ਗਰੀਬ 'ਚ ਕੋਈ ਭਿੰਨ-ਭੇਦ ਨਹੀਂ ਕੀਤਾ। ਅੰਮ੍ਰਿਤ-ਰੂਪੀ ਬਾਣੀ ਦੀ ਵਰਖਾ ਕਰਕੇ ਤਿਹਾਈ ਅਤੇ ਵਿਲਕਦੀ ਮਨੁੱਖਤਾ ਦੀ ਪਿਆਸ ਨੂੰ ਇਸ ਤਰ੍ਹਾਂ ਤ੍ਰਿਪਤ ਕੀਤਾ-

ਨਜ਼ਰੇ ਰਹਿਮਤ ਸੇ ਜਿਧਰ ਨਾਨਕ ਇਸ਼ਾਰਾ ਕਰ ਦੀਆ।

ਰਿੰਦ ਕੀ ਕਿਆ ਬਾਤ ਹੈ, ਜ਼ਾਹਿਦ ਦੀਵਾਨਾ ਕਰ ਦੀਆ।

ਨਾਨਕ ਪੀਰ ਦਾ ਜਾਮਾ, ਰੱਬੀ ਰਜ਼ਾ 'ਚ ਰੰਗਿਆ ਹੋਇਆ ਸੀ। ਚਿਹਰੇ 'ਤੇ ਇਲਾਹੀ ਨੂਰ ਡਲ੍ਹਕਾਂ ਮਾਰਦਾ ਸੀ। ਮਤਵਾਲੇ ਨੈਣ ਰੱਬੀ ਰਜ਼ਾ ਦੇ ਕਾਇਲ ਸਨ। ਤੇਜਸਵੀ ਦ੍ਰਿਸ਼ਟੀ 'ਚ ਕਹਿਰਾਂ ਦਾ ਆਕਰਸ਼ਣ। ਬੁੱਲ੍ਹਾਂ 'ਚੋਂ ਹਰ ਪਲ ਧੁਰ ਕੀ ਬਾਣੀ ਦੇ ਬੋਲ ਫਰਕਦੇ।

ਨਾਨਕ ਦੀ ਮਜਲਸ (ਸੰਗਤ) 'ਚ ਸੀ ਸਹਿਜ ਅਵਸਥਾ ਜਿਹਾ ਸੁਖਾਵਾਂ ਵਾਤਾਵਰਨ। ਸਾਂਝੀਵਾਲਤਾ ਅਤੇ ਅਪਣੱਤ ਦੀ ਸਮੀਰ (ਪਵਨ) ਸੀ ਰੁਮਕ-ਰੁਮਕ ਚਲਦੀ। ਇਲਾਹੀ ਜੋਤ ਦਾ ਹਰ ਇਕ ਲਈ ਸੀ ਇਲਾਹੀ ਸਰੂਰ। ਹਰ ਇਕ 'ਤੇ ਵਜਦ ਅਤੇ ਮਸਤੀ ਦਾ ਆਲਮ। ਜਿਵੇਂ-

'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।'

ਨਾਨਕ ਦੀ ਸਾਂਝੀਵਾਲਤਾ ਦੀ ਫੁਲਵਾੜੀ 'ਚ ਨਾ ਕੋਈ ਕਾਣੀ ਵੰਡ, ਨਾ ਕੋਈ ਭੇਦ-ਭਾਵ ਅਤੇ ਨਾ ਹੀ ਕੋਈ ਵਿਤਕਰਾ, ਬਸ-

ਏਕ ਨੂਰ ਤੇ ਸਭੁ ਜਗੁ ਉਪਜਿਆ

ਕਉਨ ਭਲੇ ਕੋ ਮੰਦੇ॥ (ਕਬੀਰ ਜੀ, ਅੰਗ 1349)


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ ।













ਇਹ ਆਲੀਸ਼ਾਨ ਘਰ ਵਿਕਾਊ ਹੈ

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

**Priti Singh (925) 999-0823**

CA BRE Licence #02024721 info@pritisingh.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY

SUNPREME
Premium Bifacial Thin Film Solar



Satnam Singh Khalsa
510-706-1300

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
info@singhsolar.com

Serving Around the World Community Since 1994

We Specialize to Asia, Europe, Middle East, Africa, Australia & etc.

Special fares to :

SFO TO DEL

LAX TO DEL

SERVICE TRUST

SKYWAY TRAVEL

DOMESTIC and INTERNATIONAL

Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345

www.indiventy.com

indiventy

Indiventy Technologies




Our Services

- Website Designing
- Website Development
- Desktop Application Development
- Mobile Application Development
- Graphic Designing
- SEO (search Engine Optimiztation)

Plans

**Basic website**
- Website + Domain + Hosting
- Full Website with uptown 8 Pages
- 5 Social Media Handles of Choice up to 4 Branded Emails accounts with 250mb storage each
- Full Responsive Design
- SEO friendly Structure
- 200 Backlinks

$300

**Custom websites**
- Custom Web Solutions with Framework
- Full Responsive Design
- SEO friendly Structure
- Online Branding including logo and Graphic Support
- Virus Protection and Malware Scanning
- SSL Certificate
- 500 backlinks

Starting $500

*Request Custom Quotation

**Softwares/Applications**
- Android and IOS applications
- Desktop Applications
- Online Offline Softwares

Starting $500

*Request Custom Quotation

More Information: 775-293-4666



Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)

www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


SHER® ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM